


ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ੁੱਕਰਵਾਰ 09 ਮਈ 2025

Email:- lokbani08@gmail.com

ਰੋਜ਼ਾਨਾ ਲੋਕ ਬਾਣੀ

ਨੂੰ ਪੱਤਰਕਾਰਾਂ ਦੀ ਲੋੜ

99155-94111

R. N. I. Punpun/29016/2008 * ਸਾਲ 16 , * ਅੰਕ : 292 * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ

ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਭਾਰਤ ਵੱਲੋਂ ਪਾਕਿ ਦੇ ਮਿਜ਼ਾਈਲ ਤੇ ਡਰੋਨ ਹਮਲੇ ਬੇਅਸਰ, ਕੋਈ ਜਾਨੀ ਨੁਕਸਾਨ ਨਹੀਂ

ਨਵੀਂ ਦਿੱਲੀ ਲੋਕ ਬਾਣੀ- : ਪਾਕਿਸਤਾਨ ਨੇ ਵੀਰਵਾਰ ਰਾਤ ਨੂੰ ਭਾਰਤ ਨਾਲ ਫੌਜੀ ਟਕਰਾਅ ਤੇਜ਼ ਕਰ ਦਿੱਤਾ ਹੈ। ਪਾਕਿਸਤਾਨ ਨੇ ਸਪੱਸ਼ਟ ਤੌਰ ਟਕਰਾਅ ਨੂੰ ਵਧਾਉਣ ਦੇ ਆਪਣੇ ਇਰਾਦੇ ਸਾਫ਼ ਕਰ ਦਿੱਤੇ ਹਨ। ਪਾਕਿਸਤਾਨ ਨੇ ਉੱਤਰੀ ਭਾਰਤ ਅਤੇ ਪੱਛਮੀ ਭਾਰਤ ਵਿੱਚ ਕਈ ਥਾਵਾਂ 'ਤੇ ਮਿਜ਼ਾਈਲ ਤੇ ਡਰੋਨ ਹਮਲੇ ਕੀਤੇ, ਜਿਸ ਨੂੰ ਭਾਰਤੀ ਸਲਾਮਤੀ ਦਸਤਿਆਂ ਨੇ ਨਾਕਾਮ ਕਰ ਦਿੱਤਾ। ਚੀਫ਼ ਆਫ਼



ਡਿਫੈਂਸ ਸਟਾਫ਼ ਦੇ ਦਫ਼ਤਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਵਿਚ ਕਿਹਾ,

## ਜੈਸਲਮੇਰ ਵਿਚ ਪਾਕਿਸਤਾਨੀ ਪਾਇਲਟ ਕਾਬੂ

ਨਵੀਂ ਦਿੱਲੀ, ਲੋਕ ਬਾਣੀ- ਭਾਰਤੀ ਫੌਜ ਨੇ ਜੈਸਲਮੇਰ ਵਿਚ ਪਾਕਿਸਤਾਨੀ ਹਵਾਈ ਸੈਨਾ ਦੇ ਪਾਇਲਟ ਨੂੰ ਕਾਬੂ ਕੀਤਾ ਹੈ।ਪਾਕਿਸਤਾਨੀ ਪਾਇਲਟ ਦੀ ਅਜੇ ਤੱਜ ਪਛਾਣ ਜਨਤਕ ਨਹੀਂ ਕੀਤੀ ਗਈ ਹੈ।



ਜਾਣਕਾਰੀ ਪਾਕਿਸਤਾਨੀ ਪਾਇਲਟ ਆਪਣੇ ਲੜਾਕੂ ਜਹਾਜ਼ ਤੋਂ ਇਜੈਕਟ ਕੀਤਾ ਸੀ, ਜਦੋਂ ਭਾਰਤੀ ਸਲਾਮਤੀ ਦਸਤਿਆਂ ਨੇ ਉਸ ਨੂੰ ਕਾਬੂ ਕਰ ਲਿਆ।

ਸੂਤਰਾਂ ਨੇ ਦਿ ਟ੍ਰਿਬਿਊਨ ਕੋਲ ਪਾਕਿ ਪਾਇਲਟ ਨੂੰ ਕਾਬੂ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

## ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ ਹਾਈ ਅਲਰਟ

ਚੰਡੀਗੜ੍ਹ, ਲੋਕ ਬਾਣੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧੇ ਤਣਾਅ ਦੇ ਮੱਦੇਨਜ਼ਰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਪੂਰੀ ਤਰ੍ਹਾਂ ਅਲਰਟ 'ਤੇ ਹਨ। ਇਨ੍ਹਾਂ ਸੂਬਿਆਂ ਨੇ ਆਪਣੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਸਕੂਲ ਬੰਦ ਕਰਨ, ਬਲੈਕਆਊਟ ਕਰਨ ਅਤੇ ਪੁਲੀਸ ਤੇ ਪ੍ਰਸ਼ਾਸਨਿਕ ਅਮਲੇ ਦੀਆਂ ਛੁੱਟੀਆਂ ਰੱਦ ਕਰਨ ਦਾ ਐਲਾਨ ਕੀਤਾ ਹੈ।




ਪੰਜਾਬ ਸੂਬਾ ਪਾਕਿਸਤਾਨ ਨਾਲ 532 ਕਿਲੋਮੀਟਰ ਦੀ ਸਰਹੱਦ ਸਾਂਝੀ ਕਰਦਾ ਹੈ, ਜਦਕਿ ਰਾਜਸਥਾਨ ਵਿੱਚ ਸਾਂਝੀ ਸਰਹੱਦ ਲਗਪਗ 1,070 ਕਿਲੋਮੀਟਰ ਤੱਕ ਫੈਲੀ ਹੋਈ ਹੈ।

## ਜੈਸਲਮੇਰ 'ਚ ਪਾਕਿਸਤਾਨੀ ਪਾਇਲਟ ਕਾਬੂ; ਭਾਰਤ ਵੱਲੋਂ ਹਮਲਿਆਂ ਦਾ ਮੂੰਹ ਤੋੜ ਜਵਾਬ

ਨਵੀਂ ਦਿੱਲੀ, ਲੋਕ ਬਾਣੀ-ਭਾਰਤ ਤੇ ਪਾਕਿਸਤਾਨ ਵਿਚਾਲੇ ਵਧੇ ਤਣਾਅ ਦੌਰਾਨ ਅੱਜ ਰਾਜਸਥਾਨ ਦੇ ਸਰਹੱਦੀ ਜ਼ਿਲ੍ਹੇ ਜੈਸਲਮੇਰ ਵਿੱਚ ਪਾਕਿਸਤਾਨੀ ਹਵਾਈ ਫ਼ੌਜ ਦੇ ਪਾਇਲਟ ਨੂੰ ਭਾਰਤੀ ਸੁਰੱਖਿਆ ਬਲਾਂ ਵੱਲੋਂ ਕਾਬੂ ਕਰ ਲਿਆ। ਇਹ ਪਾਕਿਸਤਾਨੀ ਪਾਇਲਟ ਆਪਣੇ ਜੰਗੀ ਜਹਾਜ਼ 'ਚੋਂ ਨਿਕਲਣ ਬਾਅਦ ਭਾਰਤੀ ਸੁਰੱਖਿਆ ਦਸਤਿਆਂ ਦੇ ਕਾਬੂ ਆ ਗਿਆ। ਖ਼ਬਰ ਲਿਖੇ ਜਾਣ ਤੱਕ ਪਾਇਲਟ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਸੀ ਦਿੱਤੀ ਗਈ। ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਪਾਕਿਸਤਾਨ ਦੇ ਲੜਾਕੂ ਜਹਾਜ਼ ਤੋਂ




ਡਿੱਗਣ ਮਗਰੋਂ ਪਾਇਲਟ ਨੂੰ ਹਿਰਾਸਤ 'ਚ ਲੈ ਲਿਆ ਗਿਆ। ਇਸ ਦੌਰਾਨ ਭਾਰਤ ਨੇ ਪਾਕਿਸਤਾਨ ਵੱਲੋਂ ਅੱਜ ਰਾਤ ਕੀਤੇ ਹਮਲਿਆਂ ਦਾ ਮੂੰਹ-ਤੋੜ ਜਵਾਬ ਦਿੰਦਿਆਂ

## ਭਾਰਤ-ਪਾਕਿ ਦਰਮਿਆਨ ਵਧਦੇ ਤਣਾਅ ਕਾਰਨ ਸ਼ੇਅਰ ਬਾਜ਼ਾਰ 'ਚ ਗਿਰਾਵਟ

ਮੁੰਬਈ, ਲੋਕ ਬਾਣੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਕਾਰਨ ਬੈਂਕਿੰਗ, ਐਫਐਮਸੀਜੀ ਅਤੇ ਆਟੋ ਸ਼ੇਅਰਾਂ ਵਿੱਚ ਵਿਕਰੀ ਕਾਰਨ ਵੀਰਵਾਰ ਨੂੰ ਇੱਕ ਉਤਰਾਅ-ਚੜ੍ਹਾਅ ਵਾਲੇ ਸੈਸ਼ਨ ਵਿੱਚ ਬੈਂਚਮਾਰਕ ਸੈਂਸੈਕਸ ਲਗਭਗ 412 ਅੰਕ ਡਿੱਗ ਗਿਆ।

ਬੰਬੇ ਸ਼ੇਅਰ ਬਾਜ਼ਾਰ ਦਾ 30 ਸ਼ੇਅਰਾਂ ਵਾਲਾ ਸੈਂਸੈਕਸ 411.97 ਅੰਕ ਜਾਂ 0.51 ਫ਼ੀਸਦੀ ਡਿੱਗ ਕੇ 80,334.81 'ਤੇ ਬੰਦ ਹੋਇਆ, ਜਿਸਦੇ 23 ਹਿੱਸੇ ਲਾਲ ਰੰਗ



ਵਿੱਚ ਖਤਮ ਹੋਏ। ਸ਼ੁਰੂ ਵਿਚ ਸੂਚਕਾਂਕ ਉੱਚ ਪੱਧਰ 'ਤੇ ਖੁੱਲ੍ਹਿਆ ਅਤੇ ਸੈਸ਼ਨ ਦੇ ਪਹਿਲੇ ਅੱਧ ਵਿੱਚ ਇੱਕ ਸੀਮਾ ਵਿੱਚ ਵਪਾਰ ਕੀਤਾ।

## ਗਿੱਦੜਬਾਹਾ 'ਚ ਨਾਜਾਇਜ਼ ਉਸਾਰੀਆਂ ਢਾਹੀਆਂ

ਗਿੱਦੜਬਾਹਾ, ਲੋਕ ਬਾਣੀ-- ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਜਾਰੀ ਹੈ। ਇਸੇ ਲੜੀ ਤਹਿਤ ਅੱਜ ਗਿੱਦੜਬਾਹਾ ਵਿੱਚ ਦੋ ਨਸ਼ਾ ਤਸਕਰਾਂ ਵੱਲੋਂ ਨਾਜਾਇਜ਼ ਢੰਗ ਨਾਲ ਬਣਾਈਆਂ ਦੋ ਇਮਾਰਤਾਂ ਢਾਹੀਆਂ ਗਈਆਂ। ਐੱਸਐੱਸਪੀ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਪੁਲੀਸ ਥਾਣਾ ਗਿੱਦੜਬਾਹਾ ਅਧੀਨ ਨੇੜੇ



ਭਾਰੂ ਚੌਕ ਗਿੱਦੜਬਾਹਾ ਵਿੱਚ ਜਸਵਿੰਦਰ ਸਿੰਘ ਅਤੇ ਬਲਜੀਤ ਕੌਰ ਵੱਲੋਂ ਨਾਜਾਇਜ਼ ਤਰੀਕੇ ਨਾਲ ਇਮਾਰਤਾਂ ਬਣਾਈਆਂ ਗਈਆਂ ਸਨ।

## ਭਾਰਤ-ਪਾਕਿ ਤਣਾਅ ਦੌਰਾਨ ਗੁਰਦਾਸਪੁਰ ਜ਼ਿਲ੍ਹੇ 'ਚ ਮੁਕੰਮਲ 'ਬਲੈਕਆਊਟ' ਦੇ ਹੁਕਮ

ਗੁਰਦਾਸਪੁਰ, ਲੋਕ ਬਾਣੀ -ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੇ ਸਿਵਲ ਡਿਫੈਂਸ ਐਕਟ, 1968 ਤਹਿਤ ਗੁਰਦਾਸਪੁਰ ਜ਼ਿਲ੍ਹੇ ਵਿੱਚ ਵੀਰਵਾਰ 8 ਮਈ ਤੋਂ ਅਗਲੇ ਹੁਕਮਾਂ ਤੱਕ ਰਾਤ 9:00 ਵਜੇ ਤੋਂ ਤੜਕੇ 5:00 ਵਜੇ ਤੱਕ ਮੁਕੰਮਲ 'ਬਲੈਕਆਊਟ' ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਭਾਰਤ ਅਤੇ ਪਾਕਿਸਤਾਨ ਦਰਮਿਆਨ ਜਾਰੀ ਤਣਾਅ ਵਾਲੇ ਹਾਲਾਤ ਦੇ ਮੱਦੇਨਜ਼ਰ ਦਿੱਤੇ ਗਏ ਹਨ। ਇਸ ਸਬੰਧੀ ਜਾਰੀ ਕੀਤੇ ਗਏ ਬਿਆਨ



ਵਿੱਚ ਲਿਖਿਆ ਗਿਆ ਹੈ, ਭਾਰਤ-ਪਾਕਿਸਤਾਨ ਸਰਹੱਦ 'ਤੇ ਸੰਵੇਦਨਸ਼ੀਲ ਮਾਹੌਲ ਕਾਰਨ, ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ।

## ਅੰਮ੍ਰਿਤਸਰ ਬਟਾਲਾ ਰੋਡ 'ਤੇ ਪਿੰਡ ਜੇਠੂਵਾਲ ਨੇੜੇ ਖੇਤਾਂ 'ਚੋਂ ਮਿਜ਼ਾਈਲ ਮਿਲੀ


ਅੰਮ੍ਰਿਤਸਰ ਲੋਕ ਬਾਣੀ- ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੇ ਤਣਾਅ ਦਰਮਿਆਨ ਇਥੇ ਅੰਮ੍ਰਿਤਸਰ-ਬਟਾਲਾ ਰੋਡ 'ਤੇ ਪਿੰਡ ਜੇਠੂਵਾਲ ਦੇ ਬਾਹਰਵਾਰ ਖੇਤਾਂ ਵਿੱਚ ਮਿਜ਼ਾਈਲ ਮਿਲੀ ਹੈ, ਜਿਸ ਨਾਲ ਇਲਾਕੇ ਵਿੱਚ ਡਰ ਅਤੇ ਸਹਿਮ ਵਾਲਾ ਮਾਹੌਲ ਹੈ। ਲੋਕਾਂ ਨੇ ਸਵੇਰ ਵੇਲੇ ਮਿਜ਼ਾਈਲ ਖੇਤਾਂ ਵਿੱਚ ਦੇਖੀ ਅਤੇ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਹੈ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ



ਮਿਜ਼ਾਈਲ ਦਾ ਹਿੱਸਾ ਹੈ ਪਰ ਫਿਲਹਾਲ ਇਹ ਪਤਾ ਨਹੀਂ ਹੈ ਕਿ ਇਹ ਭਾਰਤੀ ਮਿਜ਼ਾਈਲ ਹੈ ਜਾਂ ਪਾਕਿਸਤਾਨੀ ਹੈ।

## ਅੰਮ੍ਰਿਤਸਰ ਵਿਚ ਦੇਰ ਰਾਤ ਫਿਰ ਹੋਈ 'ਬਲੈਕਆਉਟ ਡਰਿੱਲ

ਅੰਮ੍ਰਿਤਸਰ, ਲੋਕ ਬਾਣੀ-– ਨਾਗਰਿਕ ਸੁਰੱਖਿਆ ਮੌਕ ਡਰਿੱਲ ਦੇ ਤਹਿਤ ਅੰਮ੍ਰਿਤਸਰ ਵਿਚ ਬਿਜਲੀ ਬੰਦ ਹੋਣ ਦੇ ਕੁਝ ਹੀ ਦੇਰ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਬੁੱਧਵਾਰ ਦੇਰ ਰਾਤ ਨੂੰ ਫਿਰ ਤੋਂ 'ਬਲੈਕਆਉਟ' ਅਭਿਆਸ ਕੀਤਾ, ਜਿਸ ਵਿਚ ਨਿਵਾਸੀਆਂ ਤੋਂ ਘਰ ਦੇ ਅੰਦਰ ਰਹਿਣ ਅਤੇ ਨਾ



ਘਬਰਾਉਣ ਦੀ ਅਪੀਲ ਕੀਤੀ ਗਈ।






# ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


# ਨੀਟ ਯੂਜੀ 2025 ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ? ਇੱਥੇ ਤੁਸੀਂ ਅੱਗੇ ਕੀ ਕਰ ਸਕਦੇ ਹੋ

ਕੀ ਤੁਸੀਂ ਨੀਟ ਯੂਜੀ 2025 ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ? ਉਮੀਦ ਨਾ ਛੱਡੋ ! ਦੀ ਦੁਬਾਰਾ ਕੋਸ਼ਿਸ਼ ਕਰਨ, ਵਿਦੇਸ਼ ਵਿੱਚ ਪੜ੍ਹਾਈ ਕਰਨ, ਪੈਰਾ ਮੈਡੀਕਲ ਕੋਰਸ, ਸਿਹਤ ਸੰਭਾਲ ਪ੍ਰਬੰਧਨ, ਅਤੇ ਵਿਕਲਪਕ ਕਰੀਅਰ ਵਰਗੇ ਸਮਾਰਟ ਵਿਕਲਪਾਂ ਦੀ ਪੜਚੋਲ ਕਰੋ।

ਵਿਸ਼ਾ - ਸੂਚੀ ਕੀ ਤੁਸੀਂ ਨੀਟ ਯੂਜੀ 2025 ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ? ਤੁਸੀਂ ਅੱਗੇ ਕੀ ਕਰ ਸਕਦੇ ਹੋ: 4 ਮਈ 2025 ਨੂੰ ਆਯੋਜਿਤ ਨੀਟ ਯੂਜੀ 2025 ਪ੍ਰੀਖਿਆ, ਭਾਰਤ ਭਰ ਦੇ ਲੱਖਾਂ ਮੈਡੀਕਲ ਉਮੀਦਵਾਰਾਂ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਸੀ। ਹਾਲਾਂਕਿ, ਹਰ ਕਿਸੇ ਨੇ ਉਹ ਨਤੀਜਾ ਪ੍ਰਾਪਤ ਨਹੀਂ ਕੀਤਾ ਹੋਵੇਗਾ ਜਿਸਦਾ ਉਨ੍ਹਾਂ ਨੇ ਸੁਪਨਾ ਦੇਖਿਆ ਸੀ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਨੀਟ ਯੂਜੀ 2025 ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ, ਤਾਂ ਹੌਂਸਲਾ ਨਾ ਹਾਰੋ। ਤੁਹਾਡੀ ਯਾਤਰਾ ਇੱਥੇ ਖਤਮ ਨਹੀਂ ਹੁੰਦੀ - ਇਹ ਤੁਹਾਡੇ ਲਈ ਨਵੇਂ ਦਰਵਾਜ਼ੇ ਖੋਲ੍ਹਦੀ ਹੈ।

ਇਸ ਲੇਖ ਵਿੱਚ, ਅਸੀਂ ਉਹਨਾਂ ਵਿਦਿਆਰਥੀਆਂ ਲਈ ਉਪਲਬਧ ਸਮਾਰਟ, ਵਿਹਾਰਕ ਵਿਕਲਪਾਂ ਦੀ ਪੜਚੋਲ ਕਰਦੇ ਹਾਂ ਜੋ ਆਪਣੇ ਨੀਟ ਯੂਜੀ 2025 ਦੇ ਨਤੀਜਿਆਂ ਤੋਂ ਨਿਰਾਸ਼ ਹਨ। ਭਾਵੇਂ ਤੁਸੀਂ ਸਿਹਤ ਸੰਭਾਲ ਖੇਤਰ ਵਿੱਚ ਜਾਰੀ ਰੱਖਣਾ ਚਾਹੁੰਦੇ ਹੋ ਜਾਂ ਨਵੇਂ ਮੌਕਿਆਂ ਦੀ ਪੜਚੋਲ ਕਰਨਾ ਚਾਹੁੰਦੇ ਹੋ, ਇਹ ਗਾਈਡ ਤੁਹਾਨੂੰ ਇੱਕ ਸੂਚਿਤ ਫੈਸਲਾ ਲੈਣ ਵਿੱਚ ਮਦਦ ਕਰੇਗੀ।

ਸਥਿਤੀ ਨੂੰ ਸਮਝਣਾ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ, ਰੁਕਣਾ, ਪ੍ਰਤੀਬਿੰਬਤ ਕਰਨਾ ਅਤੇ ਮੁਲਾਂਕਣ ਕਰਨਾ ਮਹੱਤਵਪੂਰਨ ਹੈ: ਵਿਚਾਰਨ ਯੋਗ ਕਾਰਕ ਇਹ ਕਿਉਂ ਮਾਇਨੇ ਰੱਖਦਾ ਹੈ ਤੁਸੀਂ ਕੱਟਆਫ ਨੂੰ ਕਿੰਨਾ ਕੁ ਖੁੰਝਾਇਆ ਹੈ ਸਮਝੋ ਕਿ ਕੀ ਇਹ ਛੋਟਾ ਹੈ ਜਾਂ ਵੱਡਾ ਦਵਾਈ ਪ੍ਰਤੀ ਤੁਹਾਡਾ ਜਨੂੰਨ ਇਸ ਖੇਤਰ ਵਿੱਚ ਤੁਹਾਡੀ ਅਸਲ ਦਿਲਚਸਪੀ ਦੀ ਪੁਸ਼ਟੀ ਕਰੋ। ਵਿੱਤੀ ਅਤੇ ਭਾਵਨਾਤਮਕ ਤਿਆਰੀ ਮੁਲਾਂਕਣ ਕਰੋ ਕਿ ਕੀ ਤੁਸੀਂ ਇੱਕ ਹੋਰ ਕੋਸ਼ਿਸ਼ ਲਈ ਤਿਆਰ ਹੋ। ਵਿਕਲਪਿਕ ਕਰੀਅਰ ਰੁਚੀਆਂ ਜੇਕਰ ਲੋੜ ਹੋਵੇ ਤਾਂ ਵੱਖ-ਵੱਖ ਕਰੀਅਰ ਮਾਰਗਾਂ ਦੀ ਪੜਚੋਲ ਕਰੋ ਆਪਣੀ ਸਥਿਤੀ ਦਾ ਇਮਾਨਦਾਰੀ ਨਾਲ ਮੁਲਾਂਕਣ ਕਰਨ ਲਈ ਸਮਾਂ ਕੱਢਣ ਨਾਲ ਤੁਹਾਨੂੰ ਅੱਗੇ ਵਧਦੇ ਹੋਏ ਸਭ ਤੋਂ ਵਧੀਆ ਚੋਣ ਕਰਨ ਵਿੱਚ ਮਦਦ ਮਿਲੇਗੀ।

ਨੀਟ ਯੂਜੀ 2026 ਦੀ ਦੁਬਾਰਾ ਕੋਸ਼ਿਸ਼ ਕਰੋ ਜੇਕਰ ਦਵਾਈ ਤੁਹਾਡਾ ਅੰਤਮ ਟੀਚਾ ਹੈ, ਤਾਂ 2026 ਵਿੱਚ ਨੀਟ ਯੂਜੀ ਦਾ ਇੱਕ ਹੋਰ ਸ਼ਾਟ ਦੇਣਾ ਸਹੀ ਵਿਕਲਪ ਹੋ ਸਕਦਾ ਹੈ। ਬਹੁਤ ਸਾਰੇ ਸਫਲ ਡਾਕਟਰ ਆਪਣੀ ਪਹਿਲੀ ਕੋਸ਼ਿਸ਼ ਵਿੱਚ ਨੀਟ ਯੂਜੀ ਪਾਸ ਨਹੀਂ ਕਰ ਸਕੇ।

ਨੀਟ ਯੂਜੀ 2026 ਦੀ ਤਿਆਰੀ ਲਈ ਕਦਮ: ਗਲਤੀਆਂ ਦਾ ਵਿਸ਼ਲੇਸ਼ਣ ਕਰੋ: ਉਨ੍ਹਾਂ ਵਿਸ਼ਿਆਂ ਦੀ ਪਛਾਣ ਕਰੋ ਜਿੱਥੇ ਤੁਸੀਂ ਅੰਕ ਗੁਆ ਦਿੱਤੇ ਹਨ। ਇੱਕ ਅਧਿਐਨ ਯੋਜਨਾ ਬਣਾਓ: ਕਮਜ਼ੋਰ ਖੇਤਰਾਂ ਤੇ ਵਧੇਰੇ ਧਿਆਨ ਕੇਂਦਰਿਤ ਕਰੋ। ਇੱਕ ਚੰਗੇ ਕੋਚਿੰਗ ਇੰਸਟੀਚਿਊਟ ਵਿੱਚ ਸ਼ਾਮਲ ਹੋਵੋ: ਇੱਕ ਢਾਂਚਾਗਤ ਪਹੁੰਚ ਤੁਹਾਡੇ ਮੌਕੇ ਵਧਾ ਸਕਦੀ ਹੈ। ਮੌਕ ਟੈਸਟਾਂ ਦਾ ਅਭਿਆਸ ਕਰੋ: ਪ੍ਰੀਖਿਆ ਵਰਗੀਆਂ ਸਥਿਤੀਆਂ ਨੂੰ ਅਕਸਰ ਨਕਲ ਕਰੋ। ਫ਼ਾਇਦੇ ਨੁਕਸਾਨ ਹੋਰ ਮਜ਼ਬੂਤ ਤਿਆਰੀ ਇੱਕ ਹੋਰ ਸਾਲ ਦੀ ਤਿਆਰੀ ਦੀ ਲੋੜ ਹੈ। ਚੋਣ ਦੀਆਂ ਵਧੇਰੇ ਸੰਭਾਵਨਾਵਾਂ ਭਾਵਨਾਤਮਕ ਅਤੇ ਵਿੱਤੀ ਦਬਾਅ ਸੁਝਾਅ: ਜੇਕਰ ਤੁਸੀਂ ਦ੍ਰਿੜ ਇਰਾਦੇ ਵਾਲੇ ਹੋ, ਤਾਂ ਇੱਕ ਹੋਰ ਧਿਆਨ ਕੇਂਦਰਿਤ ਸਾਲ ਸੱਚਮੁੱਚ ਤੁਹਾਡੀ ਜ਼ਿੰਦਗੀ ਬਦਲ ਸਕਦਾ ਹੈ।

ਸਹਾਇਕ ਮੈਡੀਕਲ ਕੋਰਸਾਂ ਨੂੰ ਅੱਗੇ ਵਧਾਓ ਜੇਕਰ ਤੁਸੀਂ ਅਜੇ ਵੀ ਡਾਕਟਰ ਬਣੇ ਬਿਨਾਂ ਸਿਹਤ ਸੰਭਾਲ ਵਿੱਚ ਕੰਮ ਕਰਨਾ ਚਾਹੁੰਦੇ ਹੋ, ਤਾਂ ਇੱਥੇ ਸ਼ਾਨਦਾਰ ਵਿਕਲਪਕ ਮੈਡੀਕਲ ਕੋਰਸ ਉਪਲਬਧ ਹਨ: ਕੋਰਸ ਦਾ ਨਾਮ ਮਿਆਦ ਕਰੀਅਰ ਵਿਕਲਪ ਬੀ.ਐਸ.ਸੀ ਨਰਸਿੰਗ 4 ਸਾਲ ਨਰਸ, ਹਸਪਤਾਲ ਐਡਮਿਨ ਬੀ.ਐਸ.ਸੀ. ਰੇਡੀਓਲੋਜੀ 3-4 ਸਾਲ ਰੇਡੀਓਲੋਜਿਸਟ ਸਹਾਇਕ ਬੀ.ਐਸ.ਸੀ. ਬਾਇਓਟੈਕਨਾਲੋਜੀ 3 ਸਾਲ ਬਾਇਓਟੈਕ ਖੋਜ, ਫਾਰਮਾ ਬੀ.ਐਸ.ਸੀ. ਫਿਜ਼ੀਓਥੈਰੇਪੀ 4.5 ਸਾਲ ਫਿਜ਼ੀਓਥੈਰੇਪਿਸਟ ਬੀ.ਐਸ.ਸੀ. ਮੈਡੀਕਲ ਲੈਬ ਟੈਕਨਾਲੋਜੀ 3-4 ਸਾਲ ਲੈਬ ਟੈਕਨੀਸ਼ੀਅਨ ਬੈਚਲਰ ਆਫ਼ ਆਕੂਪੇਸ਼ਨਲ ਥੈਰੇਪੀ 4-5 ਸਾਲ ਆਕੂਪੇਸ਼ਨਲ ਥੈਰੇਪਿਸਟ ਇਹ ਖੇਤਰ ਬਹੁਤ ਸਤਿਕਾਰਯੋਗ ਹਨ ਅਤੇ ਹਸਪਤਾਲਾਂ ਅਤੇ ਨਿੱਜੀ ਸਿਹਤ ਸੰਭਾਲ ਸੰਸਥਾਵਾਂ ਵਿੱਚ ਚੰਗੀਆਂ ਤਨਖਾਹਾਂ ਅਤੇ ਸਥਿਰ ਕਰੀਅਰ ਦੀ ਪੇਸ਼ਕਸ਼ ਕਰਦੇ ਹਨ।

ਡਾਟਾ ਵਿਗਿਆਨੀ ਜਨਤਕ ਸਿਹਤ ਮਾਹਿਰ ਸਿੱਖਿਅਕ ਸਫਲਤਾ ਸਿਰਫ਼ ਡਾਕਟਰ ਬਣਨ ਨਾਲ ਹੀ ਨਹੀਂ, ਸਗੋਂ ਕਈ ਰੂਪਾਂ ਵਿੱਚ ਮਿਲਦੀ ਹੈ।

ਪ੍ਰੇਰਣਾ ਦੇ ਅੰਤਿਮ ਸ਼ਬਦ ਤੁਹਾਡੀਆਂ ਨੀਟ ਯੂਜੀ ਉਮੀਦਾਂ ਨੂੰ ਪੂਰਾ ਨਾ ਕਰਨਾ ਤੁਹਾਡੀ ਸਮਰੱਥਾ ਨੂੰ ਪਰਿਭਾਸ਼ਿਤ ਨਹੀਂ ਕਰਦਾ। ਬਹੁਤ ਸਾਰੇ ਸਫਲ ਲੋਕਾਂ ਨੂੰ ਮਹਾਨਤਾ ਪ੍ਰਾਪਤ ਕਰਨ ਤੋਂ ਪਹਿਲਾਂ ਅਸਵੀਕਾਰ ਦਾ ਸਾਹਮਣਾ ਕਰਨਾ ਪਿਆ। ਮਹੱਤਵਪੂਰਨ ਗੱਲ ਇਹ ਹੈ ਕਿ ਸਕਾਰਾਤਮਕ ਰਹੋ, ਆਪਣੇ ਵਿਕਲਪਾਂ ਦੀ ਸਮਝਦਾਰੀ ਨਾਲ ਪੜਚੋਲ ਕਰੋ, ਅਤੇ ਅੱਗੇ ਵਧਦੇ ਰਹੋ।

ਜੇ ਤੁਹਾਨੂੰ ਦਵਾਈ ਦਾ ਜਨੂੰਨ ਹੈ, ਤਾਂ ਸਮਝਦਾਰੀ ਨਾਲ ਲੜੋ। ਜੇਕਰ ਤੁਹਾਨੂੰ ਨਵੀਆਂ ਰੁਚੀਆਂ ਮਿਲਦੀਆਂ ਹਨ, ਤਾਂ ਉਨ੍ਹਾਂ ਨੂੰ ਵਿਸ਼ਵਾਸ ਨਾਲ ਅਪਣਾਓ।

ਕਿਸੇ ਵੀ ਤਰ੍ਹਾਂ, ਤੁਹਾਡਾ ਭਵਿੱਖ ਉੱਜਵਲ ਹੈ !

ਸਿੱਟਾ ਨੀਟ ਯੂਜੀ 2025 ਵਿੱਚ ਅਸਫਲਤਾ ਅੰਤ ਨਹੀਂ ਹੈ: ਇਹ ਇੱਕ ਮੋੜ ਹੈ। ਆਤਮਵਿਸ਼ਵਾਸ ਰੱਖੋ, ਸਮਝਦਾਰੀ ਨਾਲ ਯੋਜਨਾ ਬਣਾਓ, ਅਤੇ ਸਖ਼ਤ ਮਿਹਨਤ ਕਰਦੇ ਰਹੋ। ਤੁਹਾਡੇ ਸੁਪਨੇ ਅਜੇ ਵੀ ਪਹੁੰਚ ਵਿੱਚ ਹਨ। ਤੁਹਾਡੇ ਲਈ ਕਈ ਦਰਵਾਜ਼ੇ ਖੁੱਲ੍ਹੇ ਹਨ - ਇੱਕ ਅਜਿਹਾ ਚੁਣੋ ਜੋ ਤੁਹਾਡੇ ਜਨੂੰਨ ਅਤੇ ਭਵਿੱਖ ਦੇ ਟੀਚਿਆਂ ਨਾਲ ਮੇਲ ਖਾਂਦਾ ਹੋਵੇ !

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ

## ਜੰਗ

ਜੰਗ ਨਾਲ ਹੁੰਦਾ ਮਨੁੱਖਤਾ ਦਾ ਘਾਣ,
ਲੱਖਾਂ ਘਰ ਉਜਾੜ ਕੇ ਸਮਝੋ ਆਪਣੀ ਸ਼ਾਨ।
ਕਿਉਂ ਧਰਤੀ ਖ਼ੂਨ ਨਾਲ ਰੰਗੋ,
ਰਲ ਕੇ ਸੁੱਖ ਤੁਸੀਂ ਸਭ ਦੀ ਮੰਗੋ ।
ਮਾਵਾਂ ਦੇ ਪੁੱਤ ਗੱਭਰੂ ਮਰਦੇ ,
ਕਿਹੜੀ ਗੱਲੋਂ ਜੰਗ ਤੁਸੀਂ ਕਰਦੇ।
ਬੱਚੇ ਰੋ-ਰੋ ਕਰਨ ਉਡੀਕਾਂ,
ਕੰਧਾਂ ਉੱਤੇ ਮਾਰਨ ਲੀਕਾਂ ।
ਲੱਖਾਂ ਔਰਤਾਂ ਵਿਧਵਾ ਹੋਵਣ ,
ਗਲ ਵਿੱਚ ਵਾਲ ਤੇ ਵਿਲਕਣ ਰੋਵਣ।
ਮਾਵਾਂ ਦੇ ਸਾਹ ਰੁੱਕ ਰੁੱਕ ਜਾਂਵਣ,
ਜਿਨ੍ਹਾਂ ਦੇ ਪੁੱਤਰ ਘਰ ਨਾ ਆਂਵਣ ।
ਰੱਖੜੀ ਦੇ ਦਿਨ ਰੋਵਣ ਭੈਣਾਂ,
ਦੁੱਖ ਕਿਵੇਂ ਵੀਰਾਂ ਦਾ ਸਹਿਣਾ।
ਪਸ਼ੂ ਪੰਛੀ ਵੀ ਬਹੁਤ ਨੇ ਮਰਦੇ,
ਕਿਉਂ ਘਾਣ ਕੁਦਰਤ ਦਾ ਕਰਦੇ ।
ਲੜ ਕੇ ਕੀ ਤੁਸੀਂ ਦੱਸਣਾ ਚਾਹੁੰਦੇ ,
ਕਿਉਂ ਨਾ ਬਹਿ ਕੇ ਗੱਲ ਮੁਕਾਉਂਦੇ ।
ਹਵਾ ਪਾਣੀ ਸਭ ਦੂਸ਼ਿਤ ਹੋਵੇ,
ਕਹੇ ਨਿਮਾਣਾ ਜੰਗ ਬੰਦ ਹੋਵੇ ।



ਜਗਨ ਨਾਥ ਨਿਮਾਣਾ ਉਦੋਕੇ,
ਸੀ 7,ਚੰਦਰ ਨਗਰ,ਬਟਾਲਾ

# ਪੰਜ ਸਰੀਰ ਦੇ ਵ਼ਫ਼ਾਦਾਰ ਅੰਗ

**ਫਗਵਾੜਾ ( -ਸੁਸ਼ੀਲ ਸ਼ਰਮਾ )**

ਪੰਜ ਤੱਤਾਂ ਦੇ ਸਾਡੇ ਸਰੀਰ ਨੂੰ ਪਰਮਾਤਮਾ ਨੇ ਇੱਕੋ ਚਮੜੀ ਦੇ ਨਾਲ ਵੱਖ ਵੱਖ ਅੰਗਾਂ ਦੇ ਰੂਪ ਵਿੱਚ ਨਿਵਾਜਿਆ ਹੈ ਅਤੇ ਹਰ ਇੱਕ ਅੰਗ ਦਾ ਸਾਡੇ ਸਰੀਰ ਵਿੱਚ ਆਪਣਾ ਇੱਕ ਅਲੱਗ ਹੀ ਅਤੇ ਅਹਿਮ ਯੋਗਦਾਨ ਹੈ। ਅਤੇ ਹਰ ਅੰਗ ਸਾਡੇ ਸਰੀਰ ਨੂੰ ਸੰਪੂਰਨ ਰੂਪ ਵਿੱਚ ਕਿਰਿਆ ਕਰਵਾਉਂਦਾ ਰਹਿੰਦਾ ਹੈ, ਅਤੇ ਸ਼ਰੀਰ ਰਾਹੀਂ ਜ਼ਿੰਦਗੀ ਜਿਉਣ ਦੇ ਹਰ ਪੜਾਅ ਦੇ ਰੂਬਰੂ ਕਰਵਾਉਂਦਾ ਹੈ। ਪਰ ਕਦੇ ਸੋਚਿਆ ਹੈ ਸਾਰੇ ਅੰਗਾਂ ਦੇ ਨਾਲ ਨਾਲ ਜੇਕਰ ਸਾਡੇ ਸਰੀਰ ਵਿੱਚ ਪਰਮਾਤਮਾ ਵੱਲੋਂ ਪੈਰ ਨਾ ਬਣਾਏ ਜਾਂਦੇ ਤਾਂ ਜ਼ਿੰਦਗੀ ਦੇ ਖ਼ੂਬਸੂਰਤ ਪੈਂਡਿਆਂ ਨੂੰ ਅਸੀਂ ਕਿਸ ਪ੍ਰਕਾਰ ਨਾਲ ਪੂਰਾ ਕਰਦੇ ? ਜਿੰਦਗੀ ਦੇ ਉਹ ਲੰਮੇ ਪੈਂਡੇ ਜੋ ਕਦੇ ਜ਼ਿੰਦਗੀ ਦੇ ਹਸੀਨ ਰੂਪ ਦੇ ਸਫਰ ਚ ਅਤੇ ਕਦੇ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਦੇ ਸਫਰ ਭਾਵ ਰੋਜ਼ ਦੇ ਕੰਮਕਾਜਾਂ ਨੂੰ ਅਤੇ ਸ਼ਰੀਰ ਰੂਪੀ ਲੰਮੇ ਪੈਂਡੇ ਨੂੰ ਅਸੀਂ ਰੋਜ਼ ਕਿਵੇਂ ਤੈਅ ਕਰਦੇ ?

ਇੱਕ ਅਹਿਸਾਸ ਅਤੇ ਇੱਕ ਲੋਜਿਕਲ ਵੇਅ ਵਜੋਂ ਜੇਕਰ ਅਸੀਂ ਗੱਲ ਕਰੀਏ ਸਾਡੇ ਸਰੀਰ ਦੇ ਸਭ ਤੋਂ ਵਫਾਦਾਰ ਅੰਗ ਵਜੋਂ ਸਾਡੇ ਪੈਰ ਸਾਡੇ ਸਰੀਰ ਨਾਲ ਪ੍ਰਤੱਖ ਰੂਪ ਵਿਚ ਵਿਚਰਦੇ ਹਨ। ਜੇਕਰ ਪਰਮਾਤਮਾ ਵੱਲੋਂ ਪੰਛੀਆਂ ਨੂੰ ਉਡਾਣ ਵਾਸਤੇ ਖੰਭ ਦਿੱਤੇ ਗਏ ਹਨ ਤਾਂ ਇਨਸਾਨ ਨੂੰ ਵੀ ਪਰਮਾਤਮਾ ਵੱਲੋਂ ਜ਼ਿੰਦਗੀ ਦੇ ਹਰ ਪ੍ਰਕਾਰ ਦੇ ਸਫ਼ਰ ਤੈਅ ਕਰਨ ਲਈ ਸਰੀਰ ਦੇ ਹਿੱਸੇ ਵਜੋਂ ਪੈਰ ਦਿੱਤੇ ਗਏ ਹਨ, ਜਾਂ ਕਹਿ ਲਓ ਖ਼ੂਬਸੂਰਤ ਸਫ਼ਰ ।

ਆਓ ਜਾਣੀਏ ਸਰੀਰ ਦੇ ਵਫ਼ਾਦਾਰ ਅੰਗ ਪੈਰਾਂ ਬਾਰੇ,,,,, ਜੇਕਰ ਇਹ ਮੰਨ ਕੇ ਚੱਲੀਏ ਕਿ ਪੈਰ ਸਰੀਰ ਦੇ ਸਭ ਤੋਂ ਵਫਾਦਾਰ ਅੰਗ ਹਨ ਤਾਂ ਇਹ ਗਲਤ ਨਹੀਂ ਹੋਵੇਗਾ। ਸਰੀਰਕ ਰਚਨਾ ਵਿਗਿਆਨ ਚ ਦੱਸਿਆ ਜਾਂਦਾ ਹੈ ਕਿ ਪ੍ਰਤੇਕ ਪੈਰ ਵਿੱਚ 26 ਹੱਡੀਆਂ ਹੁੰਦੀਆਂ ਹਨ ਅਤੇ ਦੋਵੇਂ ਪੈਰਾਂ ਵਿੱਚ ਸੰਪੂਰਨ ਸਰੀਰ ਦੀਆਂ ਇੱਕ ਚੌਥਾਈ ਹੱਡੀਆਂ ਹੁੰਦੀਆਂ ਹਨ । ਜਿਹੜੀਆਂ 107 ਲਿਗਾਮੈਂਟ ਅਤੇ 19 ਮਾਸ ਪੇਸ਼ੀਆਂ ਨਾਲ ਪਰਸਪਰ ਬੰਨੀਆਂ ਹੁੰਦੀਆਂ ਹਨ। ਕਨੈਕਟਿਵ ਟਿਸ਼ੂ, ਰਕਤ ਧਮਨੀਆਂ ਅਤੇ ਨਸਾਂ ਨਾਲ ਜੁੜੀਆਂ ਹੁੰਦੀਆਂ ਹਨ । ਇਹ ਸਭ ਚਮੜੀ ਨਾਲ ਢਕਿਆ ਹੁੰਦਾ ਹੈ ਜਿਸ ਵਿੱਚ ਨਸਾਂ ਦੇ 7200 ਸਿਰੇ ਹੁੰਦੇ ਹਨ । ਪੈਰ ਸਰੀਰ ਦਾ ਇੱਕ ਛੋਟਾ ਜਿਹਾ ਭਾਗ ਹੋਣ ਦੇ ਬਾਵਜੂਦ ਵੀ 60 ਤੋਂ 80 ਕਿਲੋਗ੍ਰਾਮ ਭਾਰ ਅਤੇ 150 ਤੋਂ 180 ਸੈਂਟੀਮੀਟਰ ਦੀ ਉਚਾਈ ਵਾਲੇ ਸਰੀਰ ਨੂੰ ਆਧਾਰ ਪ੍ਰਦਾਨ ਕਰਦਾ ਹੈ। ਇਸ ਨੂੰ ਚਲਾਉਂਦਾ ਹੈ ਅਤੇ ਸਰੀਰ ਦਾ ਸੰਤੁਲਨ ਬਣਾਈ ਰੱਖਦਾ ਹੈ । ਪ੍ਰਤੀ ਦਿਨ ਟਹਿਲਣ, ਹੌਲੀ ਹੌਲੀ ਉਛਲ ਕੁਦ ਕਰਦਿਆਂ ਦੌੜ ਲਗਾਉਣ ਨਾਲ ਸਰੀਰ ਨੂੰ ਉਸਤਨ 1000 ਟਨ ਦੇ ਬਰਾਬਰ ਹਿਚਕੋਲੇ ਜਾਂ ਧੱਕੇ ਲੱਗਦੇ ਹਨ।

ਜਾਂ ਫਿਰ ਵੀ ਬਿਨਾਂ ਕਿਸੇ ਆਰਾਮ ਜਾਂ ਸ਼ਿਕਾਇਤ ਦੇ ਜੀਵਨ ਦੇ ਅੰਤ ਤੱਕ ਪੈਰ ਆਪਣੇ ਕੰਮ ਵਿੱਚ ਲੱਗੇ ਰਹਿੰਦੇ ਹਨ। ਅਤੇ ਜ਼ਿੰਦਗੀ ਦੇ ਹਰ ਪੜਾਅ ਮੁਤਾਬਿਕ ਚਲਦੇ ਰਹਿਣ ਦੀ ਜ਼ਰੂਰਤ ਨੂੰ ਪੂਰਾ ਕਰਦੇ ਹਨ।

ਪਰ ਕੀ ਤੁਸੀਂ ਜਾਣਦੇ ਹੋ ?

ਪੈਰ ਸਾਡੇ ਮਨ ਮੁਤਾਬਿਕ ਵੀ ਕੰਮ ਕਰਦੇ ਹਨ। ਜਿਸ ਤਰ੍ਹਾਂ ਅਸੀਂ ਦੇਖਣ ਦਾ ਕੰਮ ਹੱਥਾਂ ਤੋਂ ਨਹੀਂ ਲੈ ਸਕਦੇ, ਸਵਾਦ ਦਾ ਕੰਮ ਅੱਖਾਂ ਤੋਂ ਨਹੀਂ ਲੈ ਸਕਦੇ ,ਉਸੇ ਤਰ੍ਹਾਂ ਸਾਡੇ ਮਨ ਪਸੰਦ ਸਥਾਨ ਜਗ੍ਹਾ ਜਾਂ ਸਫ਼ਰ ਨੂੰ ਅਸੀਂ ਬਿਨਾਂ ਪੈਰਾਂ ਤੋਂ ਨਹੀਂ ਪੂਰਾ ਕਰ ਸਕਦੇ। ਜੇਕਰ ਕਿਸੇ ਅਹਿਸਾਸ ਨੂੰ ਪੂਰਾ ਕਰਨ ਵਿੱਚ ਮਨ ਦਾ ਅਹਿਮ ਯੋਗਦਾਨ ਹੈ, ਉਸੇ ਤਰ੍ਹਾਂ ਉਸ ਅਹਿਸਾਸ ਨੂੰ ਜਿਉਣ ਲਈ ਸਫ਼ਰ ਦੇ ਰੂਪ ਵਿੱਚ ਪੂਰਾ ਕਰਨ ਲਈ ਪੈਰਾਂ ਦਾ ਅਹਿਮ ਯੋਗਦਾਨ ਹੈ, ਤਾਂ ਤਾਂ ਹੋਏ ਨਾ ਤਾਂ ਪੈਰ ਸਰੀਰ ਦੇ ਸਭ ਤੋਂ ਵਫਾਦਾਰ ਅੰਗ।



ਡਾ.ਸਾਵੰਤ ਸਿੰਘ ਸਾਵਣ
ਐਮ.ਡੀ.
ਸਾਵਣ ਨੇਚਰੋਪੈਥੀ

# ਪੰਜਾਬ ਚ ਕਾਲਾ ਦੌਰ ਸ਼ੁਰੂ ਕਰਨ ਲਈ ਕਾਂਗਰਸ ਵੱਲੋਂ ਫਿੱਟ ਕੀਤਾ ਭਿੰਡਰਾਂਵਾਲਾ ਜਿੰਮੇਵਾਰ ਸਾਬਿਤ ਹੋਇਆ ???

ਸ਼ਾਂਤੀ ਦੇ ਪੁੰਜ ਦਰਬਾਰ ਸਾਹਿਬ ਨੂੰ ਮੋਰਚਾਬੰਦੀ ਕਰਕੇ ਕਿਲਾ ਬਣਾਉਣਾ,,ਭਿੰਡਰਾਵਾਲੇ ਵੱਲੋਂ ਨਿਰਦੋਸ਼ ਹਿੰਦੂਆਂ ਦੇ ਕਤਲ ਕਰਵਾਉਣੇ,,ਭਿੰਡਰਾਵਾਲੇ ਦੀ ਸੱਜੀ ਬਾਂਹ ਸੋਢੀ ਵੱਲੋਂ ਸ਼ਿੰਦੇ ਦੀ ਮਸ਼ੂਕ ਬਲਜੀਤ ਕੌਰ ਨਾਲ ਬਲਾਤਕਾਰ ਕਰਨਾ,,,ਸ਼ਿੰਦੇ ਅਤੇ ਬਲਜੀਤ ਕੌਰ ਵੱਲੋਂ ਸੋਢੀ ਨੂੰ ਸਿੰਧੀ ਹੋਟਲ ਵਿੱਚ ਸਦਕੇ ਧਕੇਸਾਹੀ ਦਾ ਬਦਲਾ ਲੈਣ ਲਈ ਗੋਲੀਆਂ ਮਾਰਕੇ ਭੁੰਨਣਾ,,,ਉਸ ਸਮੇਂ ਭਿੰਡਰਾਵਾਲਾ ਲੰਗਰ ਦੀ ਛੱਤ ਉੱਪਰ ਬੈਠਾ ਸੀ,ਬਲਜੀਤ ਕੌਰ ਸੋਢੀ ਦਾ ਕਤਲ ਕਰਕੇ ਉਹੀ ਰਿਵਾਲਵਰ ਹੱਥ ਵਿੱਚ ਫੜਕੇ ਪੌੜੀਆਂ ਚੜਕੇ ਭਿੰਡਰਾਂਵਾਲੇ ਕੋਲ ਜਾਦੀ ਆ,(ਉਸਦੇ ਦਿਮਾਗ ਚ ਇਹੀ ਹੋਵੇਗਾ ਕੇ ਭਿੰਡਰਾਂਵਾਲੇ ਨੇ ਸਟੇਜਾਂ ਤੇ ਲਲਕਾਰ ਕੇ ਆਖਿਆ ਹੈ ਕਿ ਕੇ ਕੋਈ ਵੀ ਕਿਸੇ ਧੀ ਭੈਣ ਨਾਲ ਬਲਾਤਕਾਰ ਜਾਂ ਛੇੜਛਾੜ ਕਰਦਾ ਹੈ ਤਾ ਉਸ ਜਾਲਮ ਨੂੰ ਸੋਧਾ ਲਾਕੇ ਆ ਜਾਓ,ਮੈ ਸਾਂਭਾਂਗਾ),,,,ਪਰ ਕਹਿਣੀ ਤੇ ਕਰਨੀ ਚ ਫ਼ਰਕ ਨਿਕਲਿਆ,,ਬਲਜੀਤ ਕੌਰ ਉਸੇ ਆਸ ਨਾਲ ਜਾਦੀ ਹੈ ਕੇ ਮੈਂ ਭਿੰਡਰਾਵਾਲੇ ਨੂੰ ਸਾਰੀ ਗੱਲ ਦੱਸਾਂਗੀ,,ਭਿੰਡਰਾਵਾਲਾ ਮੈਨੂੰ ਸਾਬਾਸੀ ਦੇਵੇਗਾ ਤੇ ਧੀ ਵਾਂਗ ਸਾਂਭੇਗਾ,,,ਪਰ ਹੋਇਆ ਉਸਦੀ ਸੋਚ ਦੇ ਬਿਲਕੁਲ ਉਲਟ,,ਭਿੰਡਰਾਵਾਲੇ ਦੀ ਕਹਿਣੀ ਤੇ ਕਰਨੀ ਚ ਜਮੀਨ ਅਸਮਾਨ ਦਾ ਫ਼ਰ ਨਿਕਲਿਆ???

ਬਲਜੀਤ ਕੌਰ ਦੂਰੋਂ ਰਿਵਾਲਵਰ ਲਹਿਰਾਉਂਦੀ ਵੇਖਕੇ ਆਪਣੇ ਸਾਥੀਆਂ ਨੂੰ ਆਖ ਦਿੰਦਾ ਹੈ ਕਿ ਇਸ ਪਾਗਲ ਔਰਤ ਨੂੰ ਇੱਥੋਂ ਲੈ ਜਾਵੋ,,ਭਿੰਡਰਾਵਾਲੇ ਦੇ ਲਾਭ ਸਿੰਘ ਉਰਫ ਸੁੱਖਾ ਸਿਪਾਹੀ ਵਰਗੇ ਪੰਜ ਚਾਰ ਹੋਰ ਚੇਲੇ ਬਲਜੀਤ ਕੌਰ ਨੂੰ ਫੜਕੇ ਅਕਾਲ ਤਖਤ ਦੇ ਨਾਲ ਲੱਗਦੇ ਕਮਰੇ ਵਿੱਚ ਲੈ ਜਾਂਦੇ ਹਨ,,ਇਨੇ ਟਾਈਮ ਤੱਕ ਸੋਢੀ ਦੇ ਕਤਲ ਦਾ ਭਿੰਡਰਾਵਾਲੇ ਨੂੰ ਪਤਾ ਲੱਗ ਜਾਂਦਾ ਹੈ,,,ਭਿੰਡਰਾਵਾਲੇ ਦੇ ਸਮਰਥਕਾਂ ਵੱਲੋਂ ਵੈਸੇ ਵੀ ਅਟੈਕ ਸਮੇ ਬਹੁਤ ਗੱਪ ਕਹਾਣੀਆਂ ਸੁਣਾਈਆਂ ਗਈਆਂ,ਜਿਹੜੀਆਂ ਹੁਣ ਹੌਲੀ-੨ ਝੂਠੀਆਂ ਸਾਬਿਤ ਹੋ ਰਹੀਆਂ ਹਨ,ਕਿਉਂਕਿ ਮੀਡੀਆ ਵਿੱਚ ਬਹੁਤ ਚਸ਼ਮਦੀਦ ਗਵਾਹ ਸਾਹਮਣੇ ਆ ਚੁੱਕੇ ਹਨ,ਜਿਨ੍ਹਾਂ ਨੇ ਝੂਠ ਤੋ ਪਰਦਾ ਚੁੱਕ ਦਿੱਤਾ ਹੈ,,,ਸੋਢੀ ਦੇ ਕਤਲ ਦੀ ਵੀ ਝੂਠੀ ਕਹਾਣੀ ਬਣਾਈ ਗਈ ਸੀ ਕੇ ਬਲਜੀਤ ਕੌਰ ਲੌਂਗੋਵਾਲ ਦੇ ਕਹਿਣ ਤੇ ਭਿੰਡਰਾਵਾਲੇ ਨੂੰ ਮਾਰਨ ਆਈ ਸੀ,,ਅਗਰ ਉਸਨੇ ਮਾਰਨਾ ਹੁੰਦਾ ਤਾ ਪਿਸਟਲ ਉੱਪਰ ਕਰਕੇ ਲਹਿਰਾਉਦੀ-੨ ਆਉਣ ਦੀ ਕੀ ਲੋੜ ਸੀ ???

ਉਸਤੋਂ ਬਾਅਦ ਬਲਜੀਤ ਕੌਰ ਨੂੰ ਕਮਰੇ ਵਿੱਚ ਬੰਦ ਕਰਕੇ ਹੱਥ ਪੈਰ ਬੰਨਕੇ ਭਿੰਡਰਾਂਵਾਲੇ ਦੇ ਸਾਹਮਣੇ ਅੰਨਾ ਤਸ਼ੱਦਦ ਕਰਨਾ,ਛਾਤੀਆਂ ਤੇ ਗੁਪਤ ਅੰਗਾਂ ਨੂੰ ਗਰਮ ਸਰੀਆ ਨਾਲ ਪਾੜ ਦੇਣਾ,,,ਜ਼ੁਲਮ ਕਰਕੇ ਟੁਕੜੇ-੨ ਕਰਕੇ ਬਾਹਰ ਸੁੱਟ ਆਉਣਾ,,,ਇਹ ਕਿਹੋ ਜਿਹੀ ਤੇ ਕਿਹੜੇ ਮਕਸਦ ਨੂੰ ਲੈਕੇ ਇਹ ਜੰਗ ਲੜੀ ਜਾ ਰਹੀ ਸੀ! ਦਸ ਨੰਬਰੀਏ,ਲੁਟੇਰਿਆਂ,ਬਲੈਕੀਆ ਤੇ ਕਾਤਲਾਂ ਨੇ ਪੁਲਿਸ ਤੋ ਬਚਣ ਲਈ ਗੁਰੂ ਰਾਮਦਾਸ ਸਰਾਂ ਵਿੱਚ ਠਿਕਾਣੇ ਬਣਾ ਰੱਖੇ ਸੀ,,,,ਲੁੱਟਾਂ ਖੋਹਾਂ ਤੇ ਕਤਲਾ ਦੀਆ ਵਾਰਦਾਤਾਂ ਕਰਕੇ ਦਰਬਾਰ ਸਾਹਿਬ ਚ ਲੁਕ ਜਾਂਦੇ ਸਨ,,,ਸੱਚ ਤਾਂ ਇਹ ਹੈ ਕੇ ਪੰਜਾਬ ਖਾਸ ਕਰਕੇ ਸਿੱਖਾਂ ਦੀ ਬਰਬਾਦੀ ਦਾ ਦੂਜਾ ਨਾਮ ਭਿੰਡਰਾਵਾਲਾ ਹੈ,,ਜਿਹੜਾ ਹੱਸਦੇ ਵੱਸਦੇ ਇੱਕ ਨੰਬਰ ਸੂਬੇ ਨੂੰ 50 ਸਾਲ ਪਿੱਛੇ ਪਾ ਗਿਆ! ਉਸਤੋਂ ਬਾਅਦ 85 ਤੋ 92 ਤੱਕ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ,ਸਿੱਖ ਨੌਜਵਾਨ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾ ਦਿੱਤੇ! ਪੁਲਿਸ ਤੇ ਸੀ ਆਰ ਪੀ ਵਾਲੇ ਵੀ ਮਾਰੇ ਗਏ! ਕੌੜੀ ਸੱਚਾਈ ਇਹ ਹੈ ਦਿੱਲੀ ਸਿੱਖ ਕਤਲੇਆਮ ਲਈ ਵੀ ਅਸਿੱਧੇ ਭਿੰਡਰਾਵਾਲਾ ਅਤੇ ਕਾਂਗਰਸ ਪਾਰਟੀ ਜਿੰਮੇਵਾਰ ਹੈ,,ਐਕਸਨ ਦਾ ਰੀਐਕਸਨ ਹੋਇਆ?? ਅੱਧੀ ਕੌਮ ਮਰਵਾਕੇ ਭਿੰਡਰਾਂਵਾਲੇ ਨੇ ਪ੍ਰਾਪਤੀ ਕੀ ਕੀਤੀ ਆ ??

ਅਸੀਂ ਵੀ ਉਸ ਸਮੇਂ ਕਾਲਜ ਟਾਈਮ ਭਿੰਡਰਾਂਵਾਲੇ ਦੇ ਫੁੱਲ ਸੁਪੋਟਰ ਹੁੰਦੇ ਸੀ,ਆਈਡਲ ਮੰਨਦੇ ਸੀ ,,,ਕਾਲਜ ਟਾਈਮ ਉਮਰ ਇਹੋ ਜਿਹੀ ਹੁੰਦੀ ਆ ਕੇ ਇਨਸਾਨ ਜਜ਼ਬਾਤਾ ਚ ਆ ਜਾਂਦਾ,ਫੈਡਰੇਸ਼ਨ ਵਿੱਚ ਪੂਰੇ ਸਰਗਰਮ ਰਹਿੰਦੇ ਸੀ,,,ਪਰੰਤੂ ਹੁਣ ਕੁਝ ਸਾਲਾਂ ਤੋਂ ਜੋ ਚਸ਼ਮਦੀਦ ਗਵਾਹਾਂ ਦਾ ਜੋ ਸੱਚ ਸਾਹਮਣੇ ਆ ਰਿਹਾ,,ਉਸਤੋ ਮੁਨਕਰ ਨਹੀਂ ਹੋਇਆ ਜਾ ਸਕਦਾ! ਨਵੀਂ ਸਿੱਖ ਨੌਜਵਾਨ ਪੀੜ੍ਹੀ ਨੂੰ ਵੀ ਕਿਸੇ ਦੇ ਬਹਿਕਾਵੇ ਚ ਆਉਣ ਦੀ ਲੋੜ ਨਹੀਂ! ਸਹੀ ਹਿਸਟਰੀ ਪੜ ਲੈਣੀ ਚਾਹੀਦੀ ਹੈ! ਆਪਣੇ ਮਾਪਿਆਂ ਦੇ ਸੁਪਨੇ ਪੂਰੇ ਕਰਨ ਲਈ ਵੱਧ ਤੋਂ ਵੱਧ ਪੜ੍ਹਾਈ ਕਰਕੇ ਕਿਸੇ ਮੁਕਾਮ ਤੇ ਪਹੁੰਚਣ ਦੀ ਲੋੜ ਆ! ਜਿਸ ਮੁਕਾਮ ਦਾ ਫ਼ਾਇਦਾ ਪੰਜਾਬ ਦੀ ਤਰੱਕੀ ਅਤੇ ਵਿਕਾਸ ਵਿੱਚ ਜ਼ਰੂਰ ਹੋਵੇਗਾ!

0ਬਾਗੀ ਕਲਮ+ਹੱਕ ਸੱਚ ਦੀ ਆਵਾਜ਼

# ਪੰਜਾਬ ਦੇ ਸਰਕਾਰੀ ਸਕੂਲਾਂ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਵੱਡੀ ਖ਼ਬਰ; ਸਿੱਖਿਆ ਬੋਰਡ ਨੇ ਜਾਰੀ ਕੀਤੇ ਨਵੇਂ ਹੁਕਮ

ਚੰਡੀਗੜ੍ਹ-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 8ਵੀਂ ਤੋਂ 12ਵੀਂ ਕਲਾਸ ਤੱਕ ਵਿਦਿਆਰਥੀਆਂ ਵੱਲੋਂ ਦਾਖਲਾ ਲੈਣ ਦੀ ਮਿਤੀ ਨਿਰਧਾਰਤ ਕੀਤੀ ਗਈ ਹੈ। ਇਸ ਸਬੰਧੀ ਸਿੱਖਿਆ ਬੋਰਡ ਵੱਲੋਂ ਸਾਰੇ ਸਕੂਲਾਂ ਨੂੰ ਸੂਚਿਤ ਕੀਤਾ ਗਿਆ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵਲੋਂ ਅਕਾਦਮਿਕ ਸਾਲ 2025-26 ਲਈ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਲਈ ਸਕੂਲਾਂ ਵਿੱਚ ਦਾਖਲਾ ਲੈਣ ਵਾਲੇ ਰੈਗੂਲਰ ਵਿਦਿਆਰਥੀਆਂ ਵਾਸਤੇ ਦਾਖਲੇ ਦੀ ਅੰਤਿਮ ਮਿਤੀ 15 ਜੁਲਾਈ 2025 ਨਿਰਧਾਰਿਤ ਕੀਤੀ ਜਾਂਦੀ ਹੈ।

# ਫੰਡਾਂ ਦੀ ਹੇਰਾਫੇਰੀ ਦੇ ਦੋਸ਼ ਹੇਠ ਸਾਬਕਾ ਵਿਧਾਇਕ ਦੇ ਪੁੱਤਰ, ਨੂੰਹ, ਕਾਰਜਕਾਰੀ ਅਧਿਕਾਰੀ ਅਤੇ ਦੋ ਹੋਰਨਾਂ ਵਿਰੁੱਧ ਪਰਚਾ ਦਰਜ



ਚੰਡੀਗੜ੍ਹ :-ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ, ਤਰਨਤਾਰਨ ਦੇ ਸਾਬਕਾ ਵਿਧਾਇਕ ਦੇ ਪੁੱਤਰ ਅਤੇ ਨੂੰਹ ਸਮੇਤ ਨਗਰ ਕੌਂਸਲ ਤਰਨਤਾਰਨ ਦੇ ਕਾਰਜਕਾਰੀ ਅਧਿਕਾਰੀ (ਈ.ਓ) , ਕਲਰਕ ਅਤੇ ਇੱਕ ਫਰਮ ਦੇ ਮਾਲਕ ਵਿਰੁੱਧ ਕੌਂਸਲ ਦੇ ਫੰਡਾਂ ਵਿੱਚ ਵੱਡੀ ਹੇਰਾ-ਫੇਰੀ ਕਰਨ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਸ ਕੇਸ ਵਿੱਚ ਉਕਤ ਮੁਲਜ਼ਮ ਈ.ਓ., ਕਲਰਕ ਅਤੇ ਫਰਮ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਸ ਸਬੰਧ ਵਿੱਚ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਕੀਤੀ ਗਈ ਚੈਕਿੰਗ ਦੇ ਸਿੱਟੇ ਵਜੋਂ ਹੋਈ ਵਿਜੀਲੈਂਸ ਜਾਂਚ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਨੂੰ ਅਗਲੇਰੀ ਜਾਂਚ ਲਈ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਬਾਅਦ, ਜਾਂਚ ਦੇ ਆਧਾਰ 'ਤੇ, ਉਕਤ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੀ ਅੰਮ੍ਰਿਤਸਰ ਰੇਂਜ ਦੇ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(2) ਦੇ ਨਾਲ-ਨਾਲ 13(1) ਅਤੇ ਆਈਪੀਸੀ ਦੀ ਧਾਰਾ 409, 420, 465, 467, 468, 471, 120-ਬੀ ਦੇ ਤਹਿਤ ਐਫਆਈਆਰ ਨੰਬਰ 22, ਮਿਤੀ 02.05.20 25 ਦਰਜ ਕੀਤੀ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਕੇਸ ਦੇ ਮੁਲਜ਼ਮਾਂ ਵਿੱਚ ਸ਼ਰਨਜੀਤ ਕੌਰ, ਕਾਰਜਕਾਰੀ ਅਧਿਕਾਰੀ (ਹੁਣ ਮੁਅੱਤਲ) ਅਤੇ ਨਗਰ ਕੌਂਸਲ ਤਰਨਤਾਰਨ ਦਾ ਕਲਰਕ ਨਰਿੰਦਰ ਕੁਮਾਰ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦਾ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਅਤੇ ਉਨ੍ਹਾਂ ਦੀ ਨੂੰਹ ਜੋਤੀ ਸਚਦੇਵਾ, ਜੋ ਕਿ ਮੈਸਰਜ਼ ਐਮ.ਕੇ. ਪਦਮ ਪੈਟਰੋਲੀਅਮ ਦੀ ਮਾਲਕ ਹੈ ਅਤੇ ਨਿਊ ਪਵਨ ਨਗਰ, ਅੰਮ੍ਰਿਤਸਰ ਦਾ ਰਹਿਣ ਵਾਲਾ ਰਾਜੀਵ ਗੁਪਤਾ, ਜੋ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸਆਰ ਐਂਟਰਪ੍ਰਾਈਜ਼ਿਜ਼ ਲਿਮਟਿਡ ਦਾ ਸ਼ੇਅਰਧਾਰਕ ਹੈ, ਸ਼ਾਮਲ ਹਨ।

ਇਸ ਕੇਸ ਵਿੱਚ, ਸ਼ਰਨਜੀਤ ਕੌਰ, ਈ.ਓ. ਅਤੇ ਨਰਿੰਦਰ ਕੁਮਾਰ ਕਲਰਕ,ਦੋਵੇਂ ਨਗਰ ਕੌਂਸਲ, ਤਰਨਤਾਰਨ ਵਿਖੇ ਤਾਇਨਾਤ, ਅਤੇ ਉਕਤ ਪ੍ਰਾਈਵੇਟ ਫਰਮ ਦੇ ਮਾਲਕ ਰਾਜੀਵ ਗੁਪਤਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਖੁਲਾਸਾ ਕੀਤਾ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਕਾਰਜਕਾਰੀ ਅਧਿਕਾਰੀ ਦੁਆਰਾ 2017-2022 ਦੇ ਸਾਲਾਂ ਦੌਰਾਨ ਧੋਖਾਧੜੀ ਵਾਲੇ ਲੈਣ-ਦੇਣ ਕੀਤੇ ਗਏ ਸਨ। ਉਸਨੇ ਮੈਸਰਜ਼ ਸਿੱਧੂ ਕੰਸਟਰਕਸ਼ਨ ਕੰਪਨੀ, ਮੈਸਰਜ਼ ਬ੍ਰਦਰ ਕੰਸਟਰਕਸ਼ਨ ਕੰਪਨੀ ਅਤੇ ਮੈਸਰਜ਼ ਫਰੈਂਡਜ਼ ਐਸੋਸੀਏਸ਼ਨ ਨੂੰ ਵੱਖ-ਵੱਖ ਚੈੱਕਾਂ ਰਾਹੀਂ ਗਲਤ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਸਾਬਕਾ ਵਿਧਾਇਕ ਧਰਮਵੀਰ ਅਗਨੀਹੋਤਰੀ ਦੇ ਪੁੱਤਰ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲੀਭੁਗਤ ਕਰਕੇ, ਦੋਸ਼ੀ ਈ.ਓ. ਨੇ ਉਨ੍ਹਾਂ ਦੀ ਕੰਪਨੀਆਂ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਵੀ ਜਾਅਲੀ ਭੁਗਤਾਨ ਕੀਤੇ ਸਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਕੀਤੀ ਗਈ ਚੈਕਿੰਗ ਦੌਰਾਨ, ਉਕਤ ਜਾਅਲੀ ਅਦਾਇਗੀਆਂ ਦੀ ਰਿਕਵਰੀ ਤਾਂ ਹੋ ਗਈ , ਪਰ 27,88,000 ਰੁਪਏ ਦੀ ਰਕਮ ਅਜੇ ਵੀ ਬਕਾਇਆ ਹੈ। ਜਾਂਚ ਦੌਰਾਨ ਇਹ ਵੀ ਪਾਇਆ ਗਿਆ ਕਿ ਸੰਦੀਪ ਕੁਮਾਰ ਅਗਨੀਹੋਤਰੀ ਨੂੰ ਆਪਣੀ ਪਤਨੀ ਜੋਤੀ ਸਚਦੇਵਾ ਦੀ ਮਾਲਕੀਵਾਲੇ ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਦੇ ਨਾਮ 'ਤੇ ਜਾਰੀ ਕੀਤੇ 4,41,03,086 ਰੁਪਏ ਦੇ ਜਾਅਲੀ ਭੁਗਤਾਨ ਵੀ ਪ੍ਰਾਪਤ ਕੀਤੇ ਸਨ। ਬਾਅਦ ਵਿੱਚ, ਸੰਦੀਪ ਅਗਨੀਹੋਤਰੀ ਨੇ ਇਸ ਜਾਅਲੀ ਅਦਾਇਗੀ ਦਾ ਕੁਝ ਹਿਸਾ ਨਗਰ ਕੌਂਸਲ ਤਰਨਤਾਰਨ ਦੇ ਖਾਤਿਆਂ ਵਿੱਚ ਵਾਪਸ ਜਮ੍ਹਾ ਕਰਵਾ ਦਿੱਤਾ , ਪਰ 35,45,404 ਰੁਪਏ ਅਜੇ ਵੀ ਬਕਾਇਆ ਹਨ। ਬਕਾਇਆ ਬਿੱਲਾਂ ਦੇ ਆਂਸ਼ਿਕ ਅਦਾਇਗੀ ਤੋਂ ਬਾਅਦ, ਮੈਸਰਜ਼ ਐਮਕੇ ਪਦਮ ਪੈਟਰੋਲੀਅਮ ਵੱਲ ਕੁੱਲ 1,05,30,628 ਰੁਪਏ ਦੀ ਬਕਾਇਆ ਰਕਮ ਪਾਈ ਗਈ।

ਇਸ ਤੋਂ ਇਲਾਵਾ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ, ਪੰਜਾਬ ਵੱਲੋਂ ਪ੍ਰਦਾਨ ਕੀਤੀ ਗਈ ਵਿਭਾਗੀ ਨਿਰੀਖਣ ਰਿਪੋਰਟ ਦੇ ਅਨੁਸਾਰ, ਈ.ਓ. ਸ਼ਰਨਜੀਤ ਕੌਰ ਨੇ ਕਲਰਕ ਰਾਜੀਵ ਕੁਮਾਰ, (ਹੁਣ ਮ੍ਰਿਤਕ), ਜੋ ਕਿ ਉਸਦੇ ਦਫ਼ਤਰ ਵਿਖੇ ਤਾਇਨਾਤ ਸੀ ਅਤੇ ਉਕਤ ਕਲਰਕ ਨਰਿੰਦਰ ਕੁਮਾਰ , ਨੂੰ ਬਿਨਾਂ ਕਿਸੇ ਬਿੱਲ ਜਾਂ ਵਰਕ ਆਰਡਰ ਦੇ ਭੁਗਤਾਨ ਜਾਰੀ ਕੀਤੇ ਸਨ।

ਤੱਥਾਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਈਓ ਸ਼ਰਨਜੀਤ ਕੌਰ ਨੇ ਉਕਤ ਸੰਦੀਪ ਕੁਮਾਰ ਅਗਨੀਹੋਤਰੀ ਨਾਲ ਮਿਲ ਕੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਅਤੇ ਉਸ ਦੀਆਂ ਫਰਜ਼ੀ ਫਰਮਾਂ ਮੈਸਰਜ਼ ਸ਼ਾਰਪ ਫੋਕਸ ਵਿਜ਼ਨ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਐਸ.ਆਰ. ਐਂਟਰਪ੍ਰਾਈਜ਼ਿਜ਼ ਨੂੰ ਗੈਰ-ਕਾਨੂੰਨੀ ਭੁਗਤਾਨ ਕੀਤੇ ਸਨ। ਇਸ ਤੋਂ ਇਲਾਵਾ, ਇਹ ਵੀ ਪਾਇਆ ਗਿਆ ਕਿ 14,61,980 ਰੁਪਏ, 3,25,000 ਰੁਪਏ ਅਤੇ 2,09,400 ਰੁਪਏ ਦੀ ਅਦਾਇਗੀ ਬਿਨਾਂ ਕਿਸੇ ਟੈਂਡਰ ਜਾਂ ਕੋਟੇਸ਼ਨ ਦੇ ਵੱਖ-ਵੱਖ ਫਰਮਾਂ ਨੂੰ ਕੀਤੀ ਗਈ ਸੀ।

# ਆਈ ਈ ਏ ਟੀ ਅਧਿਆਪਕਾਂ ਨੇ ਐਸਡੀਐਮ ਫਿਲੌਰ ਨੂੰ ਸੌਂਪਿਆ ਮੰਗ ਪੱਤਰ, ਕਿਹਾ- ਸੀਐੱਮ ਮਾਨ ਦਾ 4 ਮਈ ਨੂੰ ਕਰਾਂਗੇ ਵਿਰੋਧ



ਆਈ ਈ ਏ ਟੀ ਅਧਿਆਪਕਾਂ ਨਾਲ ਕੀਤੇ ਵਾਅਦੇ ਤੋਂ ਸਰਕਾਰ ਮੁੱਕਰ ਰਹੀ ਹੈ ਅਤੇ ਮੀਟਿੰਗਾਂ ਦੇਣ ਤੋਂ ਬਾਅਦ ਵੀ ਯੂਨੀਅਨ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

ਜਿਸ ਕਾਰਨ ਸਰਕਾਰ ਦੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ। ਪਿੰਡ ਧਨੀ ਅਤੇ ਪਿੰਡ ਲਖਣਪਾਲ ਤਹਿਸੀਲ ਫਿਲੌਰ, ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦਾ 04 ਮਈ ਨੂੰ ਪ੍ਰੋਗਰਾਮ ਹੈ।

ਯੂਨੀਅਨ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਮੁੱਖ ਮੰਤਰੀ ਨੂੰ ਕਾਲੇ ਝੰਡੇ ਦਿਖਾਏ ਜਾਣਗੇ ਅਤੇ ਪ੍ਰੋਗਰਾਮ ਦੇ ਦੌਰਾਨ ਨਾਅਰੇਬਾਜ਼ੀ ਕੀਤੇ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਆਈ. ਈ. ਏ ਟੀ ਅਧਿਆਪਕ ਸਾਥੀਆਂ ਨੂੰ ਪਹੁੰਚਣਗੇ। ਇਹ ਜਾਣਕਾਰੀ ਸਟੇਟ ਪ੍ਰਧਾਨ ਗੁਰਲਾਲ ਸਿੰਘ ਟੂਰ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸਾਹਿਬਾਨ ਪ੍ਰਧਾਨ ਤਰਨਦੀਪ ਸਿੰਘ ਅਤੇ ਰਾਕੇਸ਼ ਕੁਮਾਰ ਨੇ ਦਿੱਤੀ।

ਇਸ ਸਬੰਧੀ ਐਸਡੀਐਮ ਫਿਲੌਰ ਨੂੰ ਦਿੱਤਾ ਗਿਆ, ਜਿਸ ਵਿੱਚ ਮੈਡਮ ਕਸ਼ਮੀਰ ਕੌਰ ਤੇ ਮੈਡਮ ਬਲਜਿੰਦਰ ਕੌਰ ਫਿਲੌਰ ਹਜ਼ਾਰ ਸਨ।

# ਭਾਰਤੀ ਫੌਜ ਦੀ ਬਹਾਦਰੀ ਨੂੰ ਸਲਾਮ ਪਰ ਪਾਕਿਸਤਾਨ ਉਦੋਂ ਤੱਕ ਸਹਿਮਤ ਨਹੀਂ ਹੋਵੇਗਾ ਜਦੋਂ ਤੱਕ ਇਸਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਨਹੀਂ ਜਾਂਦਾ-ਲਵਲੀ ਸ਼ਰਮਾ

ਫਗਵਾੜਾ 8 ਮਈ (☆ ਸੁਸ਼ੀਲ ਸ਼ਰਮਾ) ਪਰਸ਼ੂਰਾਮ ਸੈਨਾ ਦੇ ਸੂਬਾਈ ਉਪ ਪ੍ਰਧਾਨ ਹਰੀਓਮ ਸ਼ਰਮਾ ਲਵਲੀ ਨੇ ਭਾਰਤੀ ਫੌਜ ਵੱਲੋਂ ਆਪ੍ਰੇਸ਼ਨ ਸਿੰਦੂਰ ਦੇ ਰੂਪ ਵਿੱਚ ਅੱਤਵਾਦੀ ਟਿਕਾਣਿਆਂ ਤੇ ਕੀਤੇ ਗਏ ਹਮਲੇ ਤੇ ਪ੍ਰਤੀਕਿਰਿਆ ਦਿੰਦੇ ਹੋਏ ਅੱਜ ਇੱਥੇ ਇੱਕ ਗੱਲਬਾਤ ਦੌਰਾਨ ਕਿਹਾ ਕਿ ਪਰਸ਼ੂਰਾਮ ਸੈਨਾ ਭਾਰਤੀ ਫੌਜ ਦੀ ਬਹਾਦਰੀ ਨੂੰ ਸਲਾਮ ਕਰਦੀ ਹੈ, ਪਰ ਪਾਕਿਸਤਾਨ ਭਾਰਤ ਦੀ ਛਾਤੀ ਤੇ ਉਦੋਂ ਤੱਕ ਜ਼ਖ਼ਮ ਦਿੰਦਾ ਰਹੇਗਾ ਜਦੋਂ ਤੱਕ ਇਹ ਚਾਰ ਹਿੱਸਿਆਂ ਵਿੱਚ ਵੰਡਿਆ ਨਹੀਂ ਜਾਂਦਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕੇਂਦਰ ਸਰਕਾਰ ਦੇ ਸਖ਼ਤ ਸਟੈਂਡ ਦੀ ਵੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਭਾਰਤ ਦੀਆਂ ਮਾਵਾਂ ਅਤੇ ਭੈਣਾਂ ਦਾ ਅਪਮਾਨ ਕਰਨ ਵਾਲਿਆਂ ਦੇ ਮੂੰਹ ਤੇ ਇਹ ਥੱਪੜ ਪਹਿਲਗਾਮ ਘਟਨਾ ਵਿੱਚ ਸ਼ਹੀਦ ਹੋਏ ਭਾਰਤੀ ਪੁੱਤਰਾਂ ਦੀਆਂ ਆਤਮਾਵਾਂ ਨੂੰ ਜ਼ਰੂਰ ਸ਼ਾਂਤੀ ਦਿੰਦਾ। ਲਵਲੀ ਸ਼ਰਮਾ ਨੇ ਕਿਹਾ ਕਿ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ ਤੇ ਲਗਾਤਾਰ ਹਮਲੇ ਜਾਰੀ ਰਹਿਣੇ ਚਾਹੀਦੇ ਹਨ। ਨਾਲ ਹੀ, ਦੁਸ਼ਟ ਗੁਆਂਢੀ, ਪੀ.ਓ.ਜੇ.ਕੇ. ਦੇ ਵਜੂਦ ਨੂੰ ਮਿਟਾਉਣ ਲਈ। ਪਾਕਿਸਤਾਨ ਦੇ ਕਬਜ਼ੇ ਤੋਂ। ਅਤੇ ਭਾਰਤ ਨੂੰ ਸ੍ਰੀ ਕਰਤਾਰਪੁਰ ਸਾਹਿਬ ਨੂੰ ਵਾਪਸ ਲੈਣ ਅਤੇ ਸਿੰਧ ਅਤੇ ਬਲੋਚਿਸਤਾਨ ਨੂੰ ਇੱਕ ਵੱਖਰਾ ਦੇਸ਼ ਬਣਾਉਣ ਵੱਲ ਕਦਮ ਚੁੱਕਣੇ ਚਾਹੀਦੇ ਹਨ। ਨਹੀਂ ਤਾਂ ਇਹ ਅੱਤਵਾਦੀ ਦੇਸ਼ ਭਾਰਤ ਵਿੱਚ ਖੂਨ ਦੀ ਹੋਲੀ ਖੇਡਦਾ ਰਹੇਗਾ। ਉਨ੍ਹਾਂ ਦੁਹਰਾਇਆ ਕਿ ਜਿੰਨਾ ਚਿਰ ਪਾਕਿਸਤਾਨ ਮੌਜੂਦ ਹੈ,ਭਾਰਤ ਵਿੱਚ ਸ਼ਾਂਤੀ ਨਹੀਂ ਹੋ ਸਕਦੀ। ਪਾਕਿਸਤਾਨ ਨਾ ਸਿਰਫ਼ ਮਨੁੱਖਤਾ ਲਈ ਖ਼ਤਰਾ ਹੈ, ਸਗੋਂ ਭਾਰਤ ਦੀ ਤਰੱਕੀ ਵਿੱਚ ਸਭ ਤੋਂ ਵੱਡੀ ਰੁਕਾਵਟ ਵੀ ਹੈ। ਇਹ ਸਹੀ ਸਮਾਂ ਹੈ ਕਿਉਂਕਿ ਪਾਕਿਸਤਾਨ ਪੂਰੀ ਤਰ੍ਹਾਂ ਅਲੱਗ-ਥਲੱਗ ਹੋ ਗਿਆ ਹੈ। ਹੁਣ ਪਾਕਿਸਤਾਨ ਵਿਰੁੱਧ ਹਰ ਕੀਮਤ ਤੇ ਫੈਸਲਾਕੁੰਨ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।



# ਮਹਿੰਦਰ ਸੂਦ ਵਿਰਕ ਦਾ ਚੌਥਾ ਕਾਵਿ ਸੰਗ੍ਰਹਿ 'ਸੱਚੇ ਸੁੱਚੇ ਹਰਫ਼' ਪਿੰਡ ਕੁੱਕੜਾਂ ਵਿਖੇ 18 ਮਈ ਨੂੰ ਹੋਵੇਗਾ ਰਿਲੀਜ਼ -ਵਿਰਕ



ਜਲੰਧਰ (ਸੁਸ਼ੀਲ ਸ਼ਰਮਾ) ਪੰਜਾਬ ਦੇ ਪ੍ਰਸਿੱਧ ਪੰਜਾਬੀ ਲੇਖਕ ਤੇ ਕਵੀ ਮਹਿੰਦਰ ਸੂਦ ਵਿਰਕ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹ ਆਪਣੇ ਕਾਵਿ ਸੰਗ੍ਰਹਿ 'ਸੱਚੇ ਸੁੱਚੇ ਹਰਫ਼' ਨੂੰ ਆਪਣੀ ਚੌਥੀ ਡਿਜੀਟਲ ਈ-ਬੁੱਕ ਦੇ ਰੂਪ ਵਿੱਚ ਮਿਤੀ 18 ਮਈ 2025 ਦਿਨ ਐਤਵਾਰ ਨੂੰ ਪਿੰਡ ਕੁੱਕੜਾਂ ਤਹਿ ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿਖੇ ਮਨਾਏ ਜਾ ਰਹੇ ਸੂਦ ਜਠੇਰਿਆਂ ਦੇ ਸਲਾਨਾ ਜੋੜ ਮੇਲੇ ਮੌਕੇ ਲੋਕ ਅਰਪਣ ਕਰਨਗੇ। ਇਹ ਡਿਜੀਟਲ ਈ-ਬੁੱਕ ਹਰਸਰ ਪਬਲੀਕੇਸ਼ਨ ਜਸਪ੍ਰੀਤ ਸਿੰਘ ਜੱਸੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀ ਜਾਵੇਗੀ।

ਸੂਦ ਵਿਰਕ ਨੇ ਅੱਗੇ ਦੱਸਿਆ ਕਿ ਉਹਨਾਂ ਦੇ ਪਹਿਲੇ ਤਿੰਨ ਕਾਵਿ ਸੰਗ੍ਰਹਿ, ਪਹਿਲਾ ਸੱਚ ਦਾ ਹੋਕਾ ਅਤੇ ਦੂਸਰਾ ਸੱਚ ਕੌੜਾ ਆ ਅਤੇ ਤੀਸਰਾ ਸੱਚ ਵਾਂਗ ਕੱਚ ਨੂੰ ਪਾਠਕਾਂ ਨੇ ਸਵੀਕਾਰਿਆ ਵੀ ਹੈ ਅਤੇ ਭਰਪੂਰ ਪਿਆਰ ਤੇ ਸਤਿਕਾਰ ਵੀ ਦਿੱਤਾ ਹੈ। ਸੂਦ ਵਿਰਕ ਨੇ ਕਿਹਾ ਕਿ ਲੇਖਕ ਲਈ ਸਰੋਤਿਆਂ ਦਾ ਪਿਆਰ ਹੀ ਉਸ ਦੀ ਅਸਲੀ ਪੂੰਜੀ ਹੁੰਦਾ ਹੈ ਅਤੇ ਇਸ ਪਿਆਰ ਅਤੇ ਸਤਿਕਾਰ ਸਦਕਾ ਹੀ ਉਹ ਇਹ ਚੌਥਾ ਕਾਵਿ ਸੰਗ੍ਰਹਿ 'ਸੱਚੇ ਸੁੱਚੇ ਹਰਫ਼' ਤਿਆਰ ਕਰ ਪਾਏ ਹਨ। ਸੂਦ ਵਿਰਕ ਨੇ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜਿੰਨਾ ਯੋਗਦਾਨ ਪੰਜਾਬੀ ਲੇਖਕ ਦਾ ਹੁੰਦਾ ਉਸ ਤੋਂ ਕਈ ਗੁਣਾਂ ਵੱਧ ਯੋਗਦਾਨ ਪਾਠਕਾਂ ਅਤੇ ਸਰੋਤਿਆਂ ਦਾ ਹੁੰਦਾ ਹੈ।

# ਡਿਪਟੀ ਕਮਿਸ਼ਨਰ ਵਲੋਂ ਪੀਣ ਵਾਲੇ ਪਾਣੀ ਦੀ ਲਗਾਤਾਰ ਸੈਂਪਲਿੰਗ ਦੇ ਹੁਕਮ



ਫਗਵਾੜਾ-ਕਪੂਰਥਲ਼ਾ ( ਸੁਸ਼ੀਲ ਸ਼ਰਮਾ) ਡਿਪਟੀ ਕਮਿਸ਼ਨਰ ਕਪੂਰਥਲ਼ਾ ਸ੍ਰੀ ਅਮਿਤ ਕੁਮਾਰ ਪੰਚਾਲ ਵਲੋਂ ਅੱਜ ਕਪੂਰਥਲਾ ਅਤੇ ਫਗਵਾੜਾ ਸ਼ਹਿਰ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਜਾਇਜਾ ਲੈਂਦਿਆਂ ਨਗਰ ਨਿਗਮ ਕਮਿਸ਼ਨਰਾਂ ਨੂੰ ਕਿਹਾ ਗਿਆ ਕਿ ਉਹ ਪਾਣੀ ਦੀ ਲਗਾਤਾਰ ਸੈਂਪਲਿੰਗ ਯਕੀਨੀ ਬਣਾਉਣ ਤਾਂ ਜੋ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਆਗਾਮੀ ਮੌਨਸੂਨ ਸੀਜ਼ਨ ਤੋਂ ਪਹਿਲਾਂ ਡੇਂਗੂ ਅਤੇ ਹੋਰ ਬਿਮਾਰੀਆਂ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਪੀਣ ਵਾਲੇ ਪਾਣੀ ਦੀ ਜਾਂਚ ਹੋਵੇ।

ਇਸ ਤੋਂ ਇਲਾਵਾ ਪਾਣੀ ਵਾਲੀਆਂ ਟੈਂਕੀਆਂ ਦੀ ਲਗਾਤਾਰ ਸਫਾਈ ਤੇ ਪਾਣੀ ਦੀ ਕਲੋਰੀਨੇਸ਼ਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਦੋਵਾਂ ਸ਼ਹਿਰਾਂ ਵਿਚ ਸਾਫ-ਸਫਾਈ ਲਈ ਨਗਰ ਨਿਗਮ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਉਹ ਕੂੜੇ ਨੂੰ ਸਮੇਂ ਸਿਰ ਚੁੱਕਣਾ ਅਤੇ ਕੇਵਲ ਡੰਪਾਂ ਉੱਪਰ ਹੀ ਨਸ਼ਟ ਕਰਨ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਉਣ।

ਇਸ ਮੌਕੇ ਨਗਰ ਨਿਗਮ ਫਗਵਾੜਾ ਦੇ ਕਮਿਸ਼ਨਰ ਡਾ.ਅਕਸ਼ਿਤਾ ਗੁਪਤਾ, ਨਗਰ ਨਿਗਮ ਕਪੂਰਥਲ਼ਾ ਦੇ ਕਮਿਸ਼ਨਰ ਅਨੁਪਮ ਕਲੇਰ, ਫਗਵਾੜਾ ਦੇ ਐਸ.ਡੀ.ਐਮ.ਜਸ਼ਨਜੀਤ ਸਿੰਘ ਤੇ ਕਪੂਰਥਲਾ ਦੇ ਐਸ.ਡੀ.ਐਮ ਮੇਜਰ ਇਰਵਿਨ ਕੌਰ ਹਾਜ਼ਰ ਸਨ।

# ਜੀ.ਡੀ.ਆਰ.ਕਾਨਵੈਂਟ ਸੀ. ਸੈ. ਸਕੂਲ, ਹੁਸ਼ਿਆਰਪੁਰ ਰੋਡ,ਫਗਵਾੜਾ ਵਿਖੇ ਮਨਾਇਆ ਗਿਆ ਇਨਵੇਸਟਚਰ ਸਮਾਰੋਹ

ਫਗਵਾੜਾ ( ਸੁਸ਼ੀਲ ਸ਼ਰਮਾ) ਜੀ.ਡੀ.ਆਰ.ਕਾਨਵੈਂਟ ਸੀ.ਸੈ.ਸਕੂਲ, ਹੁਸ਼ਿਆਰਪੁਰ ਰੋਡ, ਫਗਵਾੜਾ ਵਿਖੇ ਵਿਸ਼ੇਸ਼ ਰੂਪ ਵਿੱਚ ਸਵੇਰ ਦੀ ਪ੍ਰਾਰਥਨਾ ਸਭਾ ਚ ਇਨਵੇਸਟਚਰ ਸੈਰੇਮਨੀ (ਨਿਵੇਸ਼ ਸਮਾਰੋਹ) ਦਾ ਆਯੋਜਨ ਕੀਤਾ ਗਿਆ। ਜਿਸ ਦਾ ਉਦੇਸ਼ ਬੱਚਿਆਂ ਵਿੱਚ ਲੀਡਰਸ਼ਿਪ ਦੀ ਭਾਵਨਾ ਅਤੇ ਯੋਗਤਾ ਨੂੰ ਪੈਦਾ ਕਰਨਾ ਅਤੇ ਸਕੂਲ ਵਿੱਚ ਅਨੁਸ਼ਾਸਨ ਕਾਇਮ ਰੱਖਣਾ ਹੈ। ਇਸ ਲਈ ਸਕੂਲ ਦੀ ਹਰ ਜਮਾਤ ਵਿੱਚੋ ਜਮਾਤ ਮਾਨੀਟਰ ਤਨੀਸ਼ਾ ਰਾਣੀ,ਮਿਹਰ ਕੌਰ,ਸੁਖਮਨੀ,ਸਿਮਰਨਪ੍ਰੀਤ ਕੌਰ,ਅਵੀਜੋਤ ਸਿੰਘ,ਗੁਰੇਸ਼ ਕੁਮਾਰੀ,ਮਿਹਕਪ੍ਰੀਤ ਕੌਰ,ਨੀਕੇਤਨ ਕੁਮਾਰ,ਇਸ਼ਮੀਤ ਕੌਰ,ਸੁਖਮਨ ਕੌਰ,ਜਪਮੀਤ ਕੌਰ,ਹਾਵੀਸ਼ ਮਹੇ,ਹਰਮਨ ਕੇਲੈ, ਸਹਿਜਪ੍ਰੀਤ ਕੌਰ,ਗੀਸ਼ਿਮਾ,ਨਵਰੀਤ ਕੌਰ,ਦੀਪਿਕਾ ਕੌਰ,ਅਕਾਸ਼ਦੀਪ ਸਿੰਘ, ਪ੍ਰਭੁਨੀਤ ਕੌਰ,ਕਿਰਨਜੋਤ ਕੌਰ,ਅਵਨੀਤ ਕੌਰ,ਮੁਸਕਾਨ,ਪ੍ਰਵੀਨ,ਜਾਨਵੀ ਧੀਮਾਨ, ਜਸਕੀਰਤ ਕੌਰ ਅਤੇ ਹਰਮਨਦੀਪ ਕੌਰ ਦੀ ਚੋਣ ਕੀਤੀ ਗਈ। ਇਸ ਦੇ ਨਾਲ ਹੀ ਸਕੂਲ ਦੇ ਚਾਰੇ ਹਾਊਸਾਂ ਦੇ ਕੈਪਟਨ ਅਤੇ ਵਾਈਸ ਕੈਪਟਨ ਜਿਵੇਂ ਕਿ ਜੈਸਮੀਨ ਹਾਊਸ ਦੀ ਕੈਪਟਨ ਜਸਮੀਤ ਕੌਰ ਅਤੇ ਵਾਈਸ ਕੈਪਟਨ ਯੂਵੀ ਕੈਂਥ, ਡੈਫੋਡਿਲ ਹਾਊਸ ਦਾ ਕੈਪਟਨ



ਸੁਖਜੀਤ ਸਿੰਘ ਅਤੇ ਵਾਈਸ ਕੈਪਟਨ ਅਕਾਂਸ਼ਾ ਸ਼ੋਰੀ, ਲੋਟਸ ਹਾਊਸ ਦੀ ਕੈਪਟਨ ਸੁਹਾਨਾ ਅਤੇ ਵਾਈਸ ਕੈਪਟਨ ਮਹਿਕਪ੍ਰੀਤ ਕੌਰ, ਮੈਰੀਗੋਲਡ ਹਾਊਸ ਦੀ ਕੈਪਟਨ ਜਸਕੀਰਤ ਕੌਰ ਅਤੇ ਵਾਈਸ ਕੈਪਟਨ ਜੰਨਤ ਐਂਜਲ ਨੂੰ ਬਣਾਇਆ ਗਿਆ। ਬੱਚਿਆਂ ਦੇ ਗੁਣਾਂ ਅਤੇ ਯੋਗਤਾਵਾਂ ਦੇ ਆਧਾਰ ਤੇ ਹੈੱਡ ਬੁਆਏ +2 ਸਾਇੰਸ ਦੇ ਸਾਗਰ ਵਰਮਾ,ਵਾਈਜ਼ ਹੈੱਡ ਬੁਆਏ +2 ਆਰਟਸ ਦੇ ਤਨਵੀਰ ਸਿੰਘ ਗਿੱਲ ਅਤੇ ਹੈੱਡ ਗਰਲ +2 ਸਾਇੰਸ ਦੀ ਸੁਮੇਧਾ ਦੁੱਗਲ, ਵਾਈਜ਼ ਹੈੱਡ ਗਰਲ +2 ਕਾਮਰਸ ਦੀ ਹਿਮਾਂਸ਼ੀ ਭਾਰਦਵਾਜ ਨੂੰ ਚੁਣਿਆ ਗਿਆ। ਇਨ੍ਹਾਂ ਸਾਰੇ ਚੁਣੇ ਗਏ ਬੱਚਿਆਂ ਨੇ ਸਕੂਲ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਪ੍ਰਣ ਲਿਆ। ਇਸ ਸਭਾ ਵਿੱਚ ਸਕੂਲ ਦੇ ਪ੍ਰਿੰਸੀਪਲ ਮੈਡਮ ਮਾਧਵੀ ਜੀ ਨੇ ਚੁਣੇ ਹੋਏ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹਨਾਂ ਨੂੰ ਖੁਦ ਅਨੁਸ਼ਾਸਨ ਵਿੱਚ ਰਹਿ ਕੇ ਸਕੂਲ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਕੰਮ ਕਰਨਾ ਪਵੇਗਾ। ਸਕੂਲ ਵਿੱਚ ਹੋਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸਕੂਲ ਦੀ ਅਗਵਾਈ ਦੀ ਜ਼ਿੰਮੇਵਾਰੀ ਉਹਨਾਂ ਉੱਪਰ ਹੈ। ਉਹਨਾਂ ਕਿਹਾ ਕਿ ਅੱਜ ਦਾ ਦਿਨ ਬਹੁਤ ਮੱਹਤਵਪੂਰਣ ਦਿਨ ਹੈ। ਇਹ ਸੈਰੇਮਨੀ ਇੱਕ ਰਸਮ ਹੀ ਨਹੀਂ,ਬਲਕਿ ਇੱਕ ਜ਼ਿੰਮੇਵਾਰੀ, ਆਤਮ-ਨਿਰਭਰਤਾ ਅਤੇ ਨੇਤ੍ਰਤਵ ਦੀ ਸ਼ੁਰੂਆਤ ਹੈ। ਤੁਹਾਡੇ ਵਿੱਚੋਂ ਹਰ ਇੱਕ ਨੇ ਆਪਣੀ ਮਿਹਨਤ, ਇਮਾਨਦਾਰੀ ਅਤੇ ਲੀਡਰਸ਼ਿਪ ਕਾਬਲੀਅਤ ਰਾਹੀਂ ਇਹ ਸਥਾਨ ਹਾਸਲ ਕੀਤਾ ਹੈ। ਸਾਨੂੰ ਸਭ ਨੂੰ ਉਮੀਦ ਹੈ ਕਿ ਤੁਸੀਂ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਵਿੱਚ ਨਿਸ਼ਠਾ ਅਤੇ ਇਮਾਨਦਾਰੀ ਨਾਲ ਕੰਮ ਕਰੋਗੇ। ਉਹਨਾਂ ਨੇ ਸਾਰਿਆਂ ਨੂੰ ਦੁਬਾਰਾ ਵਧਾਈ ਦਿੱਤੀ ਅਤੇ ਸਾਰੀ ਸਕੂਲ ਲਈ ਇੱਕ ਪ੍ਰੇਰਨਾ ਬਣਨ ਲਈ ਕਿਹਾ। ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੇ ਇਸ ਸਮਾਰੋਹ ਵਿੱਚ ਸਭ ਦਾ ਸਵਾਗਤ ਖੂਬ ਤਾੜੀਆਂ ਵਜਾ ਕੇ ਕੀਤਾ। ਬੱਚਿਆਂ ਨੇ ਚੁਣੇ ਹੋਏ ਵਿਦਿਆਰਥੀਆਂ ਦਾ ਖੂਬ ਹੌਂਸਲਾ ਵਧਾਇਆ।

# 8 ਮਈ ਨੂੰ ਕੇਵਲ ਕਪੂਰਥਲਾ ਤੇ ਫਗਵਾੜਾ ਸ਼ਹਿਰ ਵਿਚ ਹੋਵੇਗਾ ਬਲੈਕ ਆਊਟ

ਫਗਵਾੜਾ-ਕਪੂਰਥਲਾ ( ਸੁਸ਼ੀਲ ਸ਼ਰਮਾ) ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਹੈ ਕਿ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ 8 ਮਈ 2025 ਨੂੰ ਇਹਤਿਆਤ ਵਜੋਂ ਕੇਵਲ ਕਪੂਰਥਲ਼ਾ ਅਤੇ ਫਗਵਾੜਾ ਸ਼ਹਿਰ ਵਿਖੇ ਰਾਤ 9:30 ਤੋਂ 10 ਵਜੇ ਤੱਕ ਬਲੈਕ ਆਊਟ ਹੋਵੇਗਾ।

ਬਲੈਕ ਆਊਟ ਕੇਵਲ ਕਪੂਰਥਲ਼ਾ ਅਤੇ ਫਗਵਾੜਾ ਸ਼ਹਿਰ ਵਿਚ ਹੀ ਹੋਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕੇਵਲ ਇਹਤਿਆਤੀ ਕਦਮ ਹੈ ਅਤੇ ਲੋਕਾਂ ਨੂੰ ਇਸ ਸਬੰਧੀ ਘਬਰਾਉਣ ਦੀ ਲੋੜ ਨਹੀਂ।


ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿਚ ਇਹਤਿਆਤ ਦੇ ਤੌਰ 'ਤੇ ਮੌਕ ਡ੍ਰਿਲ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਬੀਤੇ ਕੱਲ੍ਹ ਸੈਨਿਕ ਸਕੂਲ ਅਤੇ ਕੇਂਦਰੀ ਜੇਲ੍ਹ ਵਿਚ ਬਲੈਕ ਆਊਟ ਅਭਿਆਸ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ 9:30 ਵਜੇ ਸਾਈਰਨ ਵੱਜਣ 'ਤੇ ਕੇਵਲ ਕਪੂਰਥਲਾ ਅਤੇ ਫਗਵਾੜਾ ਸ਼ਹਿਰ ਵਿਚ ਬਲੈਕ ਆਊਟ ਹੋ ਜਾਵੇਗਾ। ਸ਼ਹਿਰ ਦੀ ਜਨਤਾ ਨੂੰ ਇਹ ਵੀ ਅਪੀਲ ਹੈ ਕਿ ਉਹ ਇਸ ਦੌਰਾਨ ਘਰਾਂ ਵਿਚ ਲਾਈਟਾਂ, ਇੰਨਵਰਟਰ ਬੰਦ ਰੱਖਣ।

ਇਸ ਦੌਰਾਨ ਜੇਕਰ ਸ਼ਹਿਰ ਵਿਚ ਸੜਕ ਉੱਪਰ ਕੋਈ ਗੱਡੀ ਜਾ ਰਹੀ ਹੈ ਤਾਂ ਉਹ ਉਸਦੀਆਂ ਲਾਈਟਾਂ ਬੰਦ ਕਰਕੇ ਉਸਨੂੰ ਸੜਕ ਤੋਂ ਹੇਠਾਂ ਲਾਹ ਕੇ ਕੱਚੇ ਸਥਾਨ 'ਤੇ ਰੋਕ ਲਵੇ।

ਇਸੇ ਸਬੰਧ ਵਿਚ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜਿੰਨੇ ਵੀ ਹਸਪਤਾਲ ਦੇ ਅਦਾਰੇ ਨੇ ਉਹ ਇਸ ਬਲੈਕ ਆਊਟ ਵਿਚ ਸ਼ਾਮਲ ਨਹੀਂ ਹੋਣਗੇ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪ੍ਰਸ਼ਾਸਨ ਉਨ੍ਹਾਂ ਦੀ ਸੁਰੱਖਿਆ ਲਈ ਮੌਜੂਦ ਹੈ। ਬਲੈਕ ਆਊਟ ਅਭਿਆਸ ਕੇਵਲ ਇਹਤਿਆਤੀ ਕਦਮ ਹੈ ਅਤੇ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ।




# ਕਪੂਰਥਲਾ ਵਿਖੇ ਮਨਾਇਆ ਰੈੱਡ ਕਰਾਸ ਦਿਵਸ



ਫਗਵਾੜਾ-ਕਪੂਰਥਲ਼ਾ ( ਸੁਸ਼ੀਲ ਸ਼ਰਮਾ) ਜ਼ਿਲ੍ਹਾ ਕਪੂਰਥਲ਼ਾ ਵਿਖੇ ਰੈੱਡ ਕਰਾਸ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ 'ਆਨ ਦਾ ਸਾਈਡ ਆਫ ਹਮਿਊਨਿਟੀ' ਦੇ ਥੀਮ 'ਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਦਫਤਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਵਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਉਨ੍ਹਾਂ ਨੇ ਰੈੱਡ ਕਰਾਸ ਦੇ ਇਤਿਹਾਸ, ਉਦੇਸ਼ਾਂ ਅਤੇ ਮਨੁੱਖਤਾ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਰੈੱਡ ਕਰਾਸ ਸੰਗਠਨ ਦੁਨੀਆ ਭਰ ਵਿੱਚ ਆਫ਼ਤਾਂ ਸਮੇਂ ਲੋਕਾਂ ਦੀ ਮਦਦ ਲਈ ਅਗੇ ਆਉਂਦਾ ਹੈ ਅਤੇ ਇਸ ਸੰਗਠਨ ਦੇ ਸੇਵਾਦਾਰ ਮਨੁੱਖਤਾ ਦੀ ਸੱਚੀ ਮਿਸਾਲ ਹਨ।

ਡਿਪਟੀ ਕਮਿਸ਼ਨਰ ਨੇ ਨੌਜਵਾਨ ਪੀੜ੍ਹੀ ਨੂੰ ਅਪੀਲ ਕੀਤੀ ਕਿ ਉਹ ਰੈੱਡ ਕਰਾਸ ਵਰਗੀਆਂ ਮਨੁੱਖਤਾ-ਪਰਸਤ ਸੰਸਥਾਵਾਂ ਨਾਲ ਜੁੜ ਕੇ ਸਮਾਜ ਸੇਵਾ ਲਈ ਅੱਗੇ ਆਉਣ।

ਇਸ ਮੌਕੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਡਿਪਟੀ ਕਮਿਸ਼ਨਰ ਵਲੋਂ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੀ.ਸੀ.ਐਸ. ਵਿਸ਼ਾਲ ਵਾਟਸ, ਰੈੱਡ ਕਰਾਸ ਦੇ ਸਕੱਤਰ ਆਰ.ਸੀ. ਬਿਰਹਾ ਤੇ ਹੋਰ ਹਾਜ਼ਰ ਸਨ।

# ਇੰਪਰੂਵਮੈਂਟ ਟਰੱਸਟ ਨੇ ਆਪਣੀ ਜ਼ਮੀਨ ਤੋਂ ਕਬਜ਼ੇ ਹਟਾਏ




ਫਗਵਾੜਾ-ਅੰਮ੍ਰਿਤਸਰ ( ਸੁਸ਼ੀਲ ਸ਼ਰਮਾ) ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਨੇ ਅੱਜ ਨਿਊ ਅੰਮ੍ਰਿਤਸਰ 340 ਏਕੜ ਸਕੀਮ ਭਾਈ ਗੁਰਦਾਸ ਨਗਰ ਵਿੱਚ ਆਪਣੀ ਕਰੋੜਾਂ ਰੁਪਏ ਦੀ ਜ਼ਮੀਨ ਤੇ ਲੰਬੇ ਸਮੇਂ ਤੋਂ ਚੱਲ ਰਹੇ ਨਾਜਾਇਜ਼ ਕਬਜ਼ਿਆਂ ਨੂੰ ਜੇਸੀਬੀ ਮਸ਼ੀਨ ਰਾਹੀਂ ਹਟਾ ਦਿੱਤਾ। ਇਹ ਸਾਰੀ ਕਾਰਵਾਈ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਦੀ ਨਿਗਰਾਨੀ ਹੇਠ ਕੀਤੀ ਗਈ। ਚੇਅਰਮੈਨ ਰਿੰਟੂ ਨੇ ਕਿਹਾ ਕਿ ਭਾਈ ਗੁਰਦਾਸ ਨਗਰ ਵਿੱਚ ਟਰੱਸਟ ਦੀ ਕਰੋੜਾਂ ਰੁਪਏ ਦੀ ਜ਼ਮੀਨ ਤੇ ਲੋਕਾਂ ਨੇ ਪੱਕੇ ਤੌਰ ਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਇੱਥੇ ਸੜਕ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਕਬਜ਼ੇ ਵਾਲੀ ਜ਼ਮੀਨ ਤੇ ਸੜਕ ਬਣਨ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਨਾਜਾਇਜ਼ ਕਬਜ਼ਿਆਂ ਦੀ ਸ਼ਿਕਾਇਤ ਮਿਲਣ ਤੇ ਟਰੱਸਟ ਦੇ ਐਸਈ ਰਾਕੇਸ਼ ਗਰਗ, ਕਾਰਜਕਾਰੀ ਅਮਨਦੀਪ ਸਿੰਘ, ਟਰੱਸਟ ਅਧਿਕਾਰੀਆਂ ਨੂੰ ਇਨ੍ਹਾਂ ਕਬਜ਼ਿਆਂ ਨੂੰ ਹਟਾਉਣ ਦੇ ਆਦੇਸ਼ ਦਿੱਤੇ ਗਏ ਸਨ। ਉਨ੍ਹਾਂ ਦੀ ਨਿਗਰਾਨੀ ਹੇਠ, ਡਿਊਟੀ ਮੈਜਿਸਟਰੇਟ ਨਾਇਬ ਤਹਿਸੀਲਦਾਰ ਅੰਗਦਪ੍ਰੀਤ ਸਿੰਘ ਬਰਾੜ,ਥਾਣਾ ਮਕਬੂਲਪੁਰਾ ਦੇ ਇੰਚਾਰਜ ਅਤੇ ਭਾਰੀ ਪੁਲਿਸ ਫੋਰਸ ਦੀ ਮਦਦ ਨਾਲ, ਜੇਸੀਬੀ ਮਸ਼ੀਨ ਦੀ ਮਦਦ ਨਾਲ ਪੱਕੇ ਢਾਂਚੇ ਨਾਲ ਬਣੀਆਂ ਇੱਕ ਦਰਜਨ ਤੋਂ ਵੱਧ ਦੁਕਾਨਾਂ ਨੂੰ ਢਾਹ ਦਿੱਤਾ ਗਿਆ। ਚੇਅਰਮੈਨ ਰਿੰਟੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਟਰੱਸਟ ਦੀ ਜ਼ਮੀਨ ਤੇ ਸਾਰੇ ਨਾਜਾਇਜ਼ ਕਬਜ਼ੇ ਹਟਾ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਟਰੱਸਟ 60 ਫੁੱਟ ਸੜਕ ਤੇ ਸੜਕ ਬਣਾ ਰਿਹਾ ਹੈ।

# ਰਾਂ ਗੋਤ ਜਠੇਰਿਆਂ ਦਾ ਸਲਾਨਾ ਮੇਲਾ 18 ਮਈ ਨੂੰ



ਫਗਵਾੜਾ ( ਸੁਸ਼ੀਲ ਸ਼ਰਮਾ) ਮਹਿਲਪੁਰ ਦੇ ਅਧੀਨ ਪੈਂਦੇ ਪਿੰਡ ਕਹਾਰਪੁਰ ਵਿਖੇ ਹਰ ਸਾਲ ਦੀ ਤਰਾ ਰਾਂ ਗੋਤ ਜਠੇਰਿਆਂ ਦਾ ਮੇਲਾ 18 ਮਈ ਜੇਠੇ ਐਤਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸੁਚੱਜੇ ਢੰਗ ਨਾਲ ਤੇ ਧੂਮ ਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਸੋਡੀ ਚੰਦ ਤੇ ਡੀ.ਐਸ.ਪੀ.ਕੁੱਲਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਭੋਗ ਪਾਏ ਜਾਣਗੇ। ਇਸ ਮੌਕੇ ਸੰਤ ਮੇਜਰ ਦਾਸ ਜੀ ਵਲੋ ਨਿਰੋਲ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਪਰਮਾਤਮਾ ਦੇ ਚਰਨਾ ਨਾਲ ਜੋੜਨਗੇ। ਉਪਰੰਤ ਨਿਸ਼ਾਨ ਸਾਹਿਬ ਜੀ ਦੀ ਰਸਮ ਨਿਭਾਈ ਜਾਵੇਗੀ। ਇਸ ਮੌਕੇ ਪੰਜਾਬ ਦੇ ਗੋਲਡ ਮੈਡਲਿਸਟ ਗਾਇਕ ਬਲਵਿੰਦਰ ਬਿੱਟੂ ਤੇ ਭਿੰਦਾ ਫੱਤੋਵਾਲੀਆ ਵਲੋ ਜਠੇਰੇ ਵੱਡੇ ਵਡੇਰਿਆਂ ਦੀ ਮਹਿਮਾ ਦਾ ਗੁਣਗਾਣ ਕਰਕੇ ਮੇਲੇ ਦੀ ਰੋਣਕ ਨੂੰ ਵਧਾਉਣਗੇ। ਸੇਵਾਦਾਰਾਂ ਵਲੋਂ ਆਈਆਂ ਹੋਈਆ ਸੰਗਤਾਂ ਵਾਸਤੇ ਚਾਹ ਪਕੋੜੇ ਤੇ ਲੰਗਰ ਦਾ ਖਾਂਸ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸਰਪ੍ਰਸਤ ਗੁਰਦੇਵ ਚੰਦ ਕੈਡੋਵਾਲ,ਦਲਜੀਤ ਸਿੰਘ ਕਾਲਾ ਕੈਡੋਵਾਲ,ਮਨਜੀਤ ਰਾਏ ਫੱਤੋਵਾਲ,ਰਾਜਵੀਰ ਸਿੰਘ ਵਿੱਕੀ,ਕ੍ਰਿਸ਼ਨ ਜੀਤ ਰਾਓ,ਰਾਕੇਸ਼ ਫਗਵਾੜਾ, ਸੁਰਿੰਦਰ ਪਿੰਕੀ ਕੈਡੋਵਾਲ,ਭੁਪਿੰਦਰ ਸਿੰਘ,ਮੋਹਣ ਸਿੰਘ,ਠੇਕੇਦਾਰ ਸੁਰਿੰਦਰ ਪਾਲ ਸਿੰਘ,ਸੂਬੇਦਾਰ ਗੁਰਮੇਲ ਸਿੰਘ ਬਰਿਆਣਾ ਆਦਿ ਵੱਡੀ ਗਿੱਣਤੀ ਵਿੱਚ ਸੰਗਤਾਂ ਹਾਜਰ ਹੋਣਗੀਆਂ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਏ.ਡੀ.ਏ.ਨੇ ਪੁਲਿਸ ਦੇ ਸਹਿਯੋਗ ਨਾਲ ਗਲਿਆਰੇ ਵਿੱਚ ਕੀਤੇ ਨਾਜਾਇਜ਼ ਕਬਜ਼ੇ ਹਟਾਏ




ਫਗਵਾੜਾ-ਅੰਮ੍ਰਿਤਸਰ 8 ਮਈ ( ਸੁਸ਼ੀਲ ਸ਼ਰਮਾ) ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੰਮ੍ਰਿਤਸਰ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ, ਨਿਤੇਸ਼ ਕੁਮਾਰ ਜੈਨ ਅਤੇ ਵਧੀਕ ਮੁੱਖ ਪ੍ਰਸ਼ਾਸਕ,ਇਨਾਇਤ ਦੀ ਯੋਗ ਅਗਵਾਈ ਵਿੱਚ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਆਲੇ ਦੁਆਲੇ ਗਲਿਆਰੇ ਦੀ ਹਦੂਦ ਅੰਦਰ ਦੁਕਾਨਦਾਰਾਂ/ਰੇਹੜੀਆਂ-ਫੜੀਆਂ ਵਾਲਿਆਂ ਵਲੋਂ ਲੋਕਾਂ ਦੇ ਚੱਲਣ ਲਈ ਬਣਾਏ ਗਏ ਫੁੱਟਪਾਥ ਉੱਪਰ ਨਜਾਇਜ ਤੌਰ ਉੱਤੇ ਕੀਤੇ ਕਬਜ਼ੇ ਹਟਾਏ। ਅਸ਼ਟੇਟ ਅਫਸਰ, ਏਡੀਏ, ਹਰਜਿੰਦਰ ਸਿੰਘ ਜੱਸਲ ਵਲੋਂ ਏ.ਡੀ.ਏ.ਦੀ ਬੀ.ਐਂਡ.ਈ ਟੀਮ ਨਾਲ ਮਿਲ ਕੇ ਇਹ ਕਾਰਵਾਈ ਕੀਤੀ ਗਈ। ਉਨਾਂ ਦੱਸਿਆ ਕਿ ਦੁਕਾਨਦਾਰਾਂ/ਰੇਹੜੀਆਂ-ਫੜੀਆਂ ਵਾਲ਼ਿਆਂ ਵਲੋਂ ਸਰਕਾਰੀ ਰਸਤੇ ਵਿੱਚ ਸਮਾਨ ਲਗਾਉਣ ਸਬੰਧੀ ਸ਼ਿਕਾਇਤ ਪ੍ਰਾਪਤ ਹੋਈਆਂ ਸਨ। ਜਿਸ ਕਾਰਨ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਮੁਸ਼ਕਲ ਪੇਸ਼ ਆਉਂਦੀ ਸੀ।

ਇਸ ਸਬੰਧੀ ਏ.ਡੀ.ਏ.ਦੀ ਟੀਮ ਵਲੋਂ ਦੁਕਾਨਦਾਰਾਂ,ਰੇਹੜੀਆਂ ਫੜੀਆਂ ਲਗਾਉਣ ਵਾਲਿਆਂ ਨੂੰ ਕਈ ਵਾਰ ਸਮਾਨ ਨਾਂ ਲਗਾਉਣ ਦੀ ਸਖਤ ਹਦਾਇਤ ਵੀ ਕੀਤੀ ਗਈ ਸੀ ਪ੍ਰੰਤੂ ਉਕਤ ਦੁਕਾਨਦਾਰਾਂ,ਰੇਹੜੀਆਂ-ਫੜੀਆਂ ਵਾਲਿਆਂ ਵਲੋਂ ਮੁੜ ਤੋਂ ਸਮਾਨ ਲਗਾ ਲਿਆ ਜਾਂਦਾ ਸੀ। ਮੌਕੇ ਤੇ ਕੀਤੀ ਗਈ ਕਾਰਵਾਈ ਦੌਰਾਨ ਟੀਮ ਵਲੋਂ ਸਖਤ ਤਾੜਨਾ ਕੀਤੀ ਗਈ ਕਿ ਸਮਾਨ ਨੂੰ ਸਿਰਫ ਦੁਕਾਨ ਦੇ ਅੰਦਰ ਹੀ ਰੱਖਿਆ ਜਾਵੇ ਅਤੇ ਸਰਕਾਰੀ ਰਸਤੇ ਉੱਤੇ ਕਬਜ਼ਾ ਨਾ ਕੀਤਾ ਜਾਵੇ। ਜੇ ਕਿਸੇ ਵਿਅਕਤੀ ਵਲੋਂ ਭਵਿੱਖ ਵਿੱਚ ਇਹਨਾਂ ਹੁਕਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਕਤ ਵਿਅਕਤੀ ਖਿਲਾਫ ਸਖਤ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ। ਇਸ ਮੌਕੇ ਗਲਿਆਰਾ ਦੀ ਬੀ.ਐਂਡ.ਈ.ਸ਼ਾਖਾ ਦੇ ਉਪ-ਮੰਡਲ ਇੰਜੀਨੀਅਰ, ਸੰਜੀਵ ਸ਼ਰਮਾ, ਜੂਨੀਅਰ ਇੰਜੀਨੀਅਰ, ਸਿਮਰਪ੍ਰੀਤ ਸਿੰਘ ਬੱਤਰਾ,ਸੁਪਰਵਾਈਜ਼ਰ, ਰਾਕੇਸ਼ ਕੁਮਾਰ, ਏ.ਡੀ.ਏ.ਦੇ ਸੈਕਿਊਰਟੀ ਵਿੰਗ ਦੇ ਮੁਲਾਜਮ ਸਮੇਤ ਪੁਲਿਸ ਵਿਭਾਗ ਦੀ ਟੀਮ ਵੀ ਮੌਜੂਦ ਸੀ।

# ਸੁਖਸਾਗਰ ਸੁਸਾਇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁਫਤ ਮੈਡੀਕਲ ਕੈਂਪ ਲਾਇਆ




ਲੁਧਿਆਣਾ ( ਸੁਖਚੈਨ ਮਹਿਰਾ)ਸ੍ਰਿਸ਼ਟੀ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਦੀ 350 ਸ਼ਤਾਬਦੀ ਨੂੰ ਸਮਰਪਿਤ ਸੁਖਸਾਗਰ ਚੈਰੀਟੇਬਲ ਸੁਸਾਇਟੀ ਜਗਰਾਓਂ ਦੇ ਸਰਪ੍ਰਸਤ ਬਾਬਾ ਈਸ਼ਰ ਸਿੰਘ ਅਤੇ ਮੁੱਖ ਸੇਵਾਦਾਰ ਡਾਕਟਰ ਬਲਵਿੰਦਰ ਸਿੰਘ ਪਲਾਹਾ ਵੱਲੋਂ ਗੁਰਦੁਆਰਾ ਦਸਮੇਸ਼ ਗੁਰੂ ਨਾਨਕ ਸੇਵਕ ਸਭਾ, ਮਿਲਰ ਗੰਜ, ਮੈਟ੍ਰੋ (ਓਵਰਲਾਕ) ਰੋਡ, ਲੁਧਿਆਣਾ ਵਿਖੇ ਮੁਫਤ ਹੋਮਿਓਪੈਥਿਕ ਮੈਡੀਕਲ ਕੈਂਪ ਲਾਇਆ ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਸਮੇਂ ਮਹਾਨ ਹੋਮਿਓਪੈਥਿਕ ਮੈਡੀਕਲ ਕੈਂਪ ਅਤੇ ਮੁਫਤ ਦਵਾਈਆਂ ਦੇ ਕੈਂਪ ਦਾ ਉਦਘਾਟਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘੱਨਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਕੀਤਾ। ਇਸ ਸ਼ੁੱਭ ਮੌਕੇ ਤੇ ਡਾਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਮਨੁੱਖਤਾ ਦੇ ਭਲੇ ਲਈ ਲਾਏ ਗਏ ਮਹਾਨ ਮੈਡੀਕਲ ਕੈਂਪ ਲਾਰਡ ਮਹਾਵੀਰ ਮੈਡੀਕਲ ਕਾਲਜ ਦੇ ਡਾਕਟਰ ਸ਼ਾਇਨੀ ਚਾਲੌਂਤਰ੍ਹਾਂ ਦੀ ਟੀਮ ਦੇ ਸਹਿਯੋਗ ਨਾਲ 350 ਮਰੀਜ਼ਾਂ ਦੀ ਜਾਂਚ ਮੁਫਤ ਕੀਤੀ ਗਈ ਅਤੇ ਮੁਫਤ ਦਵਾਈਆਂ ਵੰਡੀਆਂ ਗਈਆਂ ਅਤੇ ਸ਼ੂਗਰ ਟੈਸਟ ਤੇ ਪੰਜ ਗੁਰਦਿਆਂ ਦੇ ਟੈਸਟ ਬਿਲਕੁਲ ਮੁਫਤ ਕੀਤੇ ਗਏ ਤੇ ਆਮ ਲੋਕਾਂ ਨੂੰ ਸਿਹਤਮੰਦ ਜਿੰਦਗੀ ਜੀਣ ਸੰਬੰਧੀ ਚੰਗੀਆਂ ਆਦਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਕੁਲਦੀਪ ਸਿੰਘ, ਹਰਚੰਦ ਸਿੰਘ ਸਮੂਹ ਸੁੱਖ ਸਾਗਰ ਚੈਰੀਟੇਬਲ ਸੁਸਾਇਟੀ ਦੇ ਸਮੂਹ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

# ਕਾਨਪੁਰ ਵਿੱਚ ਅਪਰਾਧੀਆਂ ਵਿਰੁੱਧ ਇੰਸਪੈਕਟਰ ਧਰਮਿੰਦਰ ਦੀ ਮੁਹਿੰਮ ਜਾਰੀ, ਕਿਦਵਈ ਨਗਰ ਵਿੱਚ ਇੱਕ ਖਤਰਨਾਕ ਅਪਰਾਧੀ ਗ੍ਰਿਫ਼ਤਾਰ



ਕਾਨਪੁਰ (ਸੁਨੀਲ ਬਾਜਪਾਈ) ਇੱਥੇ, ਅਪਰਾਧੀਆਂ ਵਿਰੁੱਧ ਲਗਾਤਾਰ ਇੱਕ ਸਫਲ ਮੋਰਚਾ ਖੋਲ੍ਹ ਕੇ, ਕਿਦਵਈ ਨਗਰ ਪੁਲਿਸ ਨਾਲ ਇੱਕ ਮੁਕਾਬਲੇ ਵਿੱਚ ਇੱਕ ਜ਼ਾਲਮ ਅਪਰਾਧੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਫੜਿਆ ਗਿਆ ਅਪਰਾਧੀ ਹੁਣ ਤੱਕ ਕਈ ਗੰਭੀਰ ਅਪਰਾਧ ਵੀ ਕਰ ਚੁੱਕਾ ਹੈ। ਇਸ ਮੁਕਾਬਲੇ ਦੌਰਾਨ ਫੜੇ ਗਏ ਅਪਰਾਧੀ ਦਾ ਦੂਜਾ ਸਾਥੀ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਮੌਕੇ ਤੋਂ ਫਰਾਰ ਹੋ ਗਿਆ ਅਤੇ ਉਸਦੀ ਵੀ ਲਗਾਤਾਰ ਭਾਲ ਕੀਤੀ ਜਾ ਰਹੀ ਹੈ।

ਕਿਦਵਈ ਨਗਰ ਪੁਲਿਸ ਨੂੰ ਇਹ ਮਹੱਤਵਪੂਰਨ ਸਫਲਤਾ ਉਸ ਸਮੇਂ ਮਿਲੀ ਜਦੋਂ ਉਹ ਆਯੁਰਵੇਦ ਪਾਰਕ ਦੇ ਸਾਹਮਣੇ ਵਾਹਨਾਂ ਦੀ ਜਾਂਚ ਕਰ ਰਹੀ ਸੀ। ਮੁਕਾਬਲੇ ਵਿੱਚ ਫੜੇ ਗਏ ਖ਼ਤਰਨਾਕ ਅਪਰਾਧੀ ਦੀ ਪਛਾਣ ਗੋਪਾਲ ਉਰਫ਼ ਧੱਕਲ ਵਜੋਂ ਹੋਈ ਹੈ, ਜੋ ਹਨੂਮੰਤ ਵਿਹਾਰ ਥਾਣਾ ਖੇਤਰ ਦੇ ਸ਼ਿਵਜੀ ਪੁਲੀਆ ਦਾ ਰਹਿਣ ਵਾਲਾ ਹੈ। ਉਸ ਵਿਰੁੱਧ ਚੋਰੀ, ਡਕੈਤੀ ਅਤੇ ਖੋਹ ਦੇ ਲਗਭਗ 10 ਅਪਰਾਧਿਕ ਮਾਮਲੇ ਦਰਜ ਹਨ।

ਤੁਹਾਨੂੰ ਦੱਸ ਦੇਈਏ ਕਿ ਕਿਦਵਈ ਨਗਰ ਪੁਲਿਸ ਨੇ ਆਪਣੀ ਜਾਨ ਜੋਖਮ ਵਿੱਚ ਪਾ ਕੇ ਇਸ ਖੂੰਖਾਰ ਅਪਰਾਧੀ ਨੂੰ ਇੱਕ ਮੁਕਾਬਲੇ ਵਿੱਚ ਗ੍ਰਿਫ਼ਤਾਰ ਕਰਨ ਵਿੱਚ ਮਹੱਤਵਪੂਰਨ ਸਫਲਤਾ ਹਾਸਲ ਕੀਤੀ ਹੈ। ਅੱਜਕੱਲ੍ਹ ਉਸ ਪੁਲਿਸ ਸਟੇਸ਼ਨ ਕਿਦਵਈ ਨਗਰ ਦੀ ਕਮਾਨ ਇੰਸਪੈਕਟਰ ਧਰਮਿੰਦਰ ਕੁਮਾਰ ਰਾਮ ਦੇ ਹੱਥਾਂ ਵਿੱਚ ਹੈ, ਜੋ ਕਿ ਇੱਕ ਤੇਜ਼ ਅਤੇ ਚੰਗੇ ਵਿਵਹਾਰ ਵਾਲੇ ਇੰਚਾਰਜ ਇੰਸਪੈਕਟਰ ਹਨ, ਜੋ ਹਰ ਤਰ੍ਹਾਂ ਦੇ ਅਪਰਾਧੀਆਂ ਵਿਰੁੱਧ ਲਗਾਤਾਰ ਸਫਲ ਮੋਰਚੇ ਖੋਲ੍ਹਦੇ ਹਨ, ਤਾਂ ਜੋ ਨਿਰਦੋਸ਼ ਫਸ ਨਾ ਜਾਣ ਅਤੇ ਅਪਰਾਧੀਆਂ ਨੂੰ ਬਖਸ਼ਿਆ ਨਾ ਜਾਵੇ, ਜਨਤਕ ਹਿੱਤ ਦੀ ਮਜ਼ਬੂਤ ਵਿਚਾਰਧਾਰਾ ਦੇ ਅਨੁਸਾਰ, ਅਪਰਾਧੀਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਦਾ ਹੈ ਅਤੇ ਪੀੜਤਾਂ ਦੀ ਹਰ ਸੰਭਵ ਮਦਦ ਵਿੱਚ ਮੋਹਰੀ ਵੀ ਹੈ, ਇੱਕ ਨਿਰਪੱਖ ਅਤੇ ਪਾਰਦਰਸ਼ੀ ਕਾਰਜ ਸ਼ੈਲੀ ਨਾਲ, ਜੋ ਪਰਮਾਤਮਾ ਅਤੇ ਕਿਸਮਤ ਭਾਵ ਕਰਮ ਤੇ ਭਰੋਸਾ ਕਰਦਾ ਹੈ। ਜੁਝਾਰੂ ਇੰਸਪੈਕਟਰ ਧਰਮਿੰਦਰ ਕੁਮਾਰ ਰਾਮ, ਜਿਨ੍ਹਾਂ ਨੇ ਆਪਣੇ ਜੁਝਾਰੂ ਨੌਕਰੀ ਦੇ ਕਾਰਜਕਾਲ ਦੌਰਾਨ ਸਾਰੀਆਂ ਗੰਭੀਰ ਘਟਨਾਵਾਂ ਦਾ ਸਹੀ ਖੁਲਾਸਾ ਕਰਕੇ ਬਹੁਤ ਸਾਰੇ ਅਪਰਾਧੀਆਂ ਨੂੰ ਜੇਲ੍ਹ ਭੇਜਿਆ ਹੈ, ਦੇ ਕਾਰਜਕਾਲ ਦਾ ਵਿਸ਼ਲੇਸ਼ਣ ਇਹ ਵੀ ਸਾਬਤ ਕਰਦਾ ਹੈ ਕਿ ਹਾਲਾਤ ਭਾਵੇਂ ਜੋ ਵੀ ਹੋਣ, ਉਨ੍ਹਾਂ ਨੇ ਅੱਜ ਤੱਕ ਆਪਣੀ ਡਿਊਟੀ ਪ੍ਰਤੀ ਆਪਣੀ ਵਫ਼ਾਦਾਰੀ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ।

ਇਸ ਦੇ ਨਾਲ ਹੀ, ਉਸਦੀ ਕਾਰਜਸ਼ੈਲੀ ਨੂੰ ਵੀ ਬਹੁਤ ਦੋਸਤਾਨਾ ਅਤੇ ਬੇਸਹਾਰਾ ਲੋਕਾਂ ਦਾ ਸ਼ੁਭਚਿੰਤਕ ਮੰਨਿਆ ਜਾਂਦਾ ਹੈ, ਜਿਸ ਅਨੁਸਾਰ ਉਹ ਹਰ ਸੰਭਵ ਤਰੀਕੇ ਨਾਲ ਯੋਗ ਲੋਕਾਂ ਦੀ ਮਦਦ ਕਰਦਾ ਹੈ। ਇਸ ਦੇ ਨਾਲ ਹੀ, ਕਾਨੂੰਨ ਅਤੇ ਸ਼ਾਂਤੀ ਦੇ ਹੱਕ ਵਿੱਚ, ਉਹ ਅਪਰਾਧੀਆਂ ਦੇ ਖਿਲਾਫ ਸ਼ਠੇ ਸ਼ਾਤਯਮ ਸਮਾਚਾਰੇਤ ਕਹਾਵਤ ਨੂੰ ਸਾਬਤ ਕਰਨ ਦਾ ਮੌਕਾ ਨਹੀਂ ਗੁਆਉਂਦੇ। ਇਹੀ ਕਾਰਨ ਹੈ ਕਿ ਇੰਸਪੈਕਟਰ ਧਰਮਿੰਦਰ ਕੁਮਾਰ ਦੀ ਆਪਣੀ ਡਿਊਟੀ ਪ੍ਰਤੀ ਡੂੰਘੀ ਲਗਨ ਨੇ ਆਪਣੇ ਜੁਝਾਰੂ ਨੌਕਰੀ ਦੇ ਕਾਰਜਕਾਲ ਦੌਰਾਨ ਹੁਣ ਤੱਕ ਦੀਆਂ ਸਾਰੀਆਂ ਗੰਭੀਰ ਘਟਨਾਵਾਂ ਦਾ ਸਹੀ ਖੁਲਾਸਾ ਕਰਕੇ ਦਰਜਨਾਂ ਜ਼ਾਲਮ ਅਪਰਾਧੀਆਂ ਨੂੰ ਸਬਕ ਸਿਖਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਦੀ ਅਗਵਾਈ ਚ ਜਿਸ ਟੀਮ ਨੇ ਬਦਮਾਸ਼ ਗੋਪਾਲ ਉਰਫ਼ ਢੱਕਲ ਨੂੰ ਮੁੱਠਭੇੜ ਚ ਗ੍ਰਿਫ਼ਤਾਰ ਕੀਤਾ, ਉਸ ਚ ਚੌਕੀ ਇੰਚਾਰਜ ਕਿਦਵਈ ਨਗਰ ਪ੍ਰਵਾਸ ਸ਼ਰਮਾ, ਚੌਕੀ ਇੰਚਾਰਜ ਸਾਕੇਤ ਨਗਰ ਅਭਿਸ਼ੇਕ ਸੋਨਕਰ, ਸਬ-ਇੰਸਪੈਕਟਰ ਨੀਰਜ ਰਾਜਪੂਤ, ਸਚਿਨ ਰਾਣਾ, ਅੰਕੁਸ਼ ਚੌਧਰੀ, ਪ੍ਰਕਾਸ਼ ਕੁਮਾਰ ਤਿਵਾੜੀ, ਹੈੱਡ ਕਾਂਸਟੇਬਲ ਮਨਜੀਤ ਕੁਮਾਰ, ਪ੍ਰਿੰਸ ਕੁਮਾਰ, ਹੈੱਡ ਕਾਂਸਟੇਬਲ ਮਨਜੀਤ ਕੁਮਾਰ ਸ਼ਾਮਿਲ ਸਨ । ਮੁਹੰਮਦ. ਇਰਫਾਨ ਆਦਿ। ਇਸ ਖੂੰਖਾਰ ਅਪਰਾਧੀ ਤੋਂ ਇੱਕ ਗੈਰ-ਕਾਨੂੰਨੀ ਪਿਸਤੌਲ, ਕਾਰਤੂਸ ਅਤੇ ਇੱਕ ਬਾਈਕ ਵੀ ਬਰਾਮਦ ਕੀਤੀ ਗਈ ਹੈ। ਇਸ ਤੋਂ ਬਾਅਦ ਉਸਦੇ ਫਰਾਰ ਸਾਥੀ ਦੀ ਭਾਲ ਵੀ ਕੀਤੀ ਜਾ ਰਹੀ ਹੈ।

# ਸ਼ਿਵਾਲਿਕ ਪਬਲਿਕ ਸਕੂਲ ਚ ਅੰਗਰੇਜ਼ੀ ਸ਼ਬਦਾਵਲੀ ਮੁਕਾਬਲਾ ਅਯੋਜਿਤ



ਤਪਾ ਮੰਡੀ,- ਸ਼ਿਵਾਲਿਕ ਪਬਲਿਕ ਸਕੂਲ ਤਪਾ ਵਿਖੇ ਅੰਗਰੇਜ਼ੀ ਭਾਸ਼ਾ ਦੀ ਸ਼ਬਦਾਵਲੀ ਤੇ ਆਧਾਰਤ ਇੱਕ ਮੁਕਾਬਲੇ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਜਮਾਤ ਤੀਜੀ ਤੋਂ ਲੈ ਕੇ ਜਮਾਤ ਨੌਵੀਂ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ। ਬੱਚਿਆਂ ਨੂੰ ਇਸ ਮੁਕਾਬਲੇ ਲਈ ਕੁਝ ਦਿਨ ਪਹਿਲਾਂ ਤੋਂ ਹੀ ਕਲਾਸਾਂ ਵਿਚ ਤਿਆਰੀ ਕਰਵਾਈ ਗਈ ਸੀ।ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਕੂਲ ਦੀ ਪ੍ਰਿੰਸੀਪਲ ਮੈਡਮ ਮੋਨਿਕਾ ਗਰਗ ਵਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਕਿ ਸ਼ਬਦਾਵਲੀ ਸਾਡੇ ਵਿਚਾਰਾਂ ਨੂੰ ਵਿਆਖਿਆ ਕਰਨ ਅਤੇ ਪ੍ਰਗਟ ਕਰਨ ਦੀ ਸਮਰਥਾ ਦਿੰਦੀ ਹੈ। ਜੇਕਰ ਕਿਸੇ ਕੋਲ ਸੀਮਤ ਸ਼ਬਦ ਹਨ ਤਾਂ ਉਸਦੀ ਦ੍ਰਿਸ਼ਟੀ ਅਤੇ ਭਵਿੱਖ ਵੀ ਸੀਮਤ ਹੋ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਚਾਹੇ ਤੁਸੀਂ ਅਧਿਆਪਕ ਹੋਵੇ,ਮਾਪੇ ਹੋਵੇ ਜਾਂ ਵਿਦਿਆਰਥੀ ਇੱਕ ਮਜ਼ਬੂਤ,ਸ਼ਬਦਾਵਲੀ ਪੜ੍ਹਨ, ਲਿਖਣ ਅਤੇ ਬੋਲਣ ਦੇ ਅਭੁਤ ਅਧਾਰ ਮੁਹੱਈਆ ਕਰਦੀ ਹੈ। ਬੱਚੇ ਜੋ ਸ਼ਬਦ ਅੱਜ ਸਿੱਖ ਰਹੇ ਹਨ, ਉਹ ਅੱਗੇ ਚਲ ਕੇ ਉਨ੍ਹਾਂ ਦੇ ਵਿਦਿਅਕ ਜੀਵਨ ਅਤੇ ਕਰੀਅਰ ਵਿਚ ਮਦਦਗਾਰ ਸਾਬਤ ਹੋਣਗੇ। ਇਸ ਲਈ ਸ਼ਬਦਾਵਲੀ, ਸਾਖਰਤਾ ਅਤੇ ਅੱਖਰ ਜੋੜ (ਸਪੈਲਿੰਗ) ਹੁਨਰ ਨੂੰ ਨਿਖਾਰਣ ਲਈ ਮੁਕਾਬਲੇ ਬਹੁਤ ਲਾਭਦਾਇਕ ਹਨ। ਸ਼੍ਰੀਮਤੀ ਗਰਗ ਨੇ ਇਹ ਵੀ ਘੋਸ਼ਣਾ ਕੀਤੀ ਕਿ ਇਹ ਸ਼ਬਦਾਵਲੀ ਮੁਕਾਬਲਾ ਹੁਣ ਹਰ ਮਹੀਨੇ ਆਯੋਜਿਤ ਕੀਤਾ ਜਾਵੇਗਾ ਤਾਂ ਜੋ ਵਿਦਿਆਰਥੀਆਂ ਦੀ ਭਾਸ਼ਾਈ ਪ੍ਰਤਿਭਾ ਨਿਖਰ ਸਕੇ ਅਤੇ ਉਹ ਵੱਧ ਤੋਂ ਵੱਧ ਗਿਆਨ ਹਾਸਲ ਕਰ ਸਕਣ।

# ਇੱਕ ਨੂੰ ਜਾਣ ਕੇ ਤੇ ਇੱਕ ਨੂੰ ਮੰਨ ਕੇ ਭਗਤੀ ਕਰਨਾ ਹੀ ਅਸਲੀ ਭਗਤੀ ਹੈ



ਚੰਡੀਗੜ੍ਹ : ਪੰਜ ਤੱਤਾਂ ਨਾਲ ਬਣੇ ਸਰੀਰ ਨੂੰ ਜਾਂ ਜਲਾ ਦਿੱਤਾ ਜਾਂਦਾ ਹੈ ਜਾਂ ਦਫਨਾ ਦਿੱਤਾ ਜਾਂਦਾ ਹੈ ਜਾਂ ਪਾਣੀ ਵਿੱਚ ਵਹਾ ਦਿੱਤਾ ਜਾਂਦਾ ਹੈ। ਲੇਕਿਨ ਉਸ ਵਿੱਚ ਜੋ ਛੇਵਾਂ ਤੱਤ ਹੁੰਦਾ ਹੈ ਉਹ ਕਿੱਥੇ ਜਾਂਦਾ ਹੈ ਇਹ ਕੇਵਲ ਉਸ ਨੂੰ ਪਤਾ ਹੁੰਦਾ ਜੋ ਇੱਕ ਨੂੰ ਜਾਣ ਕੇ ਇੱਕ ਨੂੰ ਮੰਨ ਕੇ ਭਗਤੀ ਕਰਨ ਵਾਲੇ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਜਿਉਂਦੇ ਜੀ ਹੀ ਪਤਾ ਚੱਲ ਜਾਂਦਾ ਹੈ ਕਿ ਮੈਂ ਕੌਣ ਹਾਂ ਕਿੱਥੋਂ ਆਇਆ ਹਾਂ ਅਤੇ ਕਿੱਥੇ ਮੈਂ ਜਾਣਾ ਹੈ ? ਉਹਨਾਂ ਦੀ ਅਵਸਥਾ ਇਹੋ ਜਿਹੀ ਹੁੰਦੀ ਹੈ ਜਿਵੇਂ ਅਸੀਂ ਪਾਣੀ ਦੇ ਭਰੇ ਇੱਕ ਘੜੇ ਨੂੰ ਢੱਕਣ ਲਗਾ ਕੇ ਪਾਣੀ ਵਿੱਚ ਪਾ ਦਿੰਦੇ ਹਾਂ ਤਾਂ ਘੜੇ ਦੇ ਅੰਦਰ ਤੇ ਬਾਹਰ ਪਾਣੀ ਹੀ ਹੁੰਦਾ ਹੈ, ਉਸੇ ਤਰ੍ਹਾਂ ਜੋ ਪਰਮਾਤਮਾ ਨੂੰ ਜਾਣ ਲੈਂਦੇ ਹਨ ਉਹਨਾਂ ਨੂੰ ਵੀ ਆਪਣੇ ਸਰੀਰ ਦੇ ਅੰਦਰ ਅਤੇ ਬਾਹਰ ਪਰਮਾਤਮਾ ਦਾ ਹੀ ਹਰ ਸਮੇਂ ਅਹਿਸਾਸ ਹੁੰਦਾ ਹੈ, ਇਹ ਸਰੀਰ ਰੂਪੀ ਘੜਾ ਜਦੋਂ ਫੁੱਟਦਾ ਹੈ ਤਾਂ ਆਤਮਾ (ਪਾਣੀ) ਪਰਮਾਤਮਾ (ਜਲ) ਵਿੱਚ ਸਮਾ ਜਾਂਦੀ ਹੈ। ਇਹ ਵਿਚਾਰ ਇੱਥੇ ਸੈਕਟਰ 30 ਵਿੱਚ ਸਥਿਤ ਸੰਤ ਨਿਰੰਕਾਰੀ ਸਤਸੰਗ ਭਵਨ ਵਿੱਚ ਗੋਰਖਪੁਰ ਤੋਂ ਆਏ ਕੇਂਦਰੀ ਪ੍ਰਚਾਰਕ ਸ਼੍ਰੀ ਦੀਨ ਦਿਆਲ ਜੀ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਹਾਜ਼ਰ ਸ਼ਰਧਾਲੂਆਂ ਨੂੰ ਸੰਬੋਧਿਤ ਕਰਦੇ ਹੋਏ ਪ੍ਰਗਟ ਕੀਤੇ।

ਸ਼੍ਰੀ ਦੀਨ ਦਿਆਲ ਜੀ ਨੇ ਅੱਗੇ ਕਿਹਾ ਕਿ ਕਿਸੇ ਥਾਂ ਤੇ ਜੇਕਰ ਇਹ ਹਰ ਦੁਕਾਨ ਤੇ ਨਕਲੀ ਪਨੀਰ ਹੀ ਖਾਣ ਨੂੰ ਮਿਲਦਾ ਹੋਵੇ ਤਾਂ ਉਥੋਂ ਦੇ ਲੋਕ ਉਹੀ ਖਾਣ ਦੇ ਆਦੀ ਹੋ ਜਾਂਦੇ ਹਨ ਅਤੇ ਕੋਈ ਆ ਕੇ ਉਹਨਾਂ ਨੂੰ ਸਾਹਮਣੇ ਅਸਲੀ ਪਨੀਰ ਰੱਖ ਦੇਵੇ ਅਤੇ ਕਹੇ ਕਿ ਇਹ ਨਕਲੀ ਨਹੀਂ ਅਸਲੀ ਪਨੀਰ ਹੈ ਤਾਂ ਉਹਨਾਂ ਨੂੰ ਜਲਦੀ ਨਾਲ ਵਿਸ਼ਵਾਸ ਨਹੀਂ ਹੁੰਦਾ। ਠੀਕ ਇਸੇ ਤਰ੍ਹਾਂ ਅੱਜ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਵੱਲੋਂ ਸ਼ਹਿਰ- ਸ਼ਹਿਰ ਪਿੰਡ-ਪਿੰਡ ਵਿੱਚ ਜਾ ਕੇ ਆਵਾਜ਼ ਦਿੱਤੀ ਜਾ ਰਹੀ ਹੈ ਕਿ ਜਿਸ ਪਰਮਾਤਮਾ ਨੂੰ ਤੁਸੀਂ ਸਾਲਾਂ ਤੋਂ ਲੱਭ ਰਹੇ ਹੋ ਉਸ ਦੇ ਦਰਸ਼ਨ ਕਰ ਲਓ ਲੇਕਿਨ ਲੋਕਾਂ ਨੂੰ ਜਲਦੀ ਨਾਲ ਵਿਸ਼ਵਾਸ ਨਹੀਂ ਹੁੰਦਾ ਕਿਉਂਕਿ ਅੱਜ ਦਾ ਇਨਸਾਨ ਭਰਮ ਭੁਲੇਖਿਆਂ ਵਿੱਚ ਇਨਾ ਫਸ ਚੁੱਕਾ ਹੈ ਅਤੇ ਉਸਦੇ ਦਿਮਾਗ ਵਿੱਚ ਇਹ ਬਿਠਾਇਆ ਜਾ ਚੁੱਕਾ ਹੈ ਕਿ ਪਰਮਾਤਮਾ ਦੀ ਜਾਣਕਾਰੀ ਹਾਸਿਲ ਨਹੀਂ ਹੋ ਸਕਦੀ।

ਇਸੇ ਲੜੀ ਵਿੱਚ ਕੱਲ ਦੇਰ ਸ਼ਾਮ ਨੂੰ ਰਾਏਪੁਰ ਰਾਣੀ ਵਿਚ ਗੋਰਖਪੁਰ ਤੋਂ ਆਏ ਕੇਂਦਰੀ ਪ੍ਰਚਾਰਕ ਸ਼੍ਰੀ ਦੀਨ ਦਿਆਲ ਜੀ ਨੇ ਹਜ਼ਾਰਾਂ ਦੀ ਸੰਖਿਆ ਵਿੱਚ ਹਾਜ਼ਰ ਸ਼ਰਧਾਲੂਆਂ ਨੂੰ ਸਤਸੰਗ ਵਿੱਚ ਸੰਬੋਧਿਤ ਕੀਤਾ ਅਤੇ ਉੱਥੇ ਵੀ ਇਹਨਾਂ ਨੇ ਸਾਰਿਆਂ ਨੂੰ ਬ੍ਰਹਮ ਗਿਆਨ ਦੇ ਨਾਲ ਨਿਰੰਕਾਰ ਪ੍ਰਭੂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।

ਇਸ ਤੋਂ ਪਹਿਲਾਂ ਇੱਥੇ ਦੇ ਜੋਨਲ ਇੰਚਾਰਜ ਸ਼੍ਰੀ ਓਪੀ ਨਿਰੰਕਾਰੀ ਨੇ ਸਾਰੀ ਸਾਧ ਸੰਗਤ ਵੱਲੋਂ ਸ੍ਰੀ ਦੀਨ ਦਿਆਲ ਜੀ ਦਾ ਇੱਥੇ ਪਹੁੰਚਣ ਤੇ ਧੰਨਵਾਦ ਅਤੇ ਸਵਾਗਤ ਕੀਤਾ ਅਤੇ ਸਤਿਗੁਰੂ ਜੀ ਤੋਂ ਸਾਰਿਆਂ ਦੇ ਲਈ ਹਰ ਪ੍ਰਕਾਰ ਦੇ ਸੁੱਖਾਂ ਦੀ ਕਾਮਨਾ ਕੀਤੀ।

# ਕਾਨਪੁਰ ਚ ਮਾਂ ਨਾਲ ਝਗੜੇ ਤੋਂ ਬਾਅਦ ਇਕਲੌਤੇ ਪੁੱਤਰ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ, ਘਰ ਚ ਹਫੜਾ-ਦਫੜੀ



ਕਾਨਪੁਰ।(ਸੁਨੀਲ ਬਾਜਪਾਈ ) ਇੱਕ ਨੌਜਵਾਨ, ਜੋ ਆਪਣੀ ਮਾਂ ਨਾਲ ਖਾਣੇ ਨੂੰ ਲੈ ਕੇ ਹੋਏ ਝਗੜੇ ਤੋਂ ਪਰੇਸ਼ਾਨ ਸੀ, ਜਿਸਨੇ ਉਸਨੂੰ ਜਨਮ ਦਿੱਤਾ ਸੀ ਅਤੇ ਪਾਲਿਆ ਸੀ, ਨੇ ਏਅਰਲਾਈਨ ਦੀ ਨੌਕਰੀ ਵਿੱਚ ਸ਼ਾਮਲ ਹੋਣ ਤੋਂ ਦੋ ਦਿਨ ਪਹਿਲਾਂ ਹੀ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਉਹ ਆਪਣੇ ਪਰਿਵਾਰ ਦੀ ਇੱਕੋ ਇੱਕ ਉਮੀਦ ਸੀ। ਘਟਨਾ ਤੋਂ ਬਾਅਦ ਪਰਿਵਾਰ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ, ਜਦੋਂ ਕਿ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਇਹ ਘਟਨਾ ਬਾਰਾ ਥਾਣਾ ਖੇਤਰ ਵਿੱਚ ਵਾਪਰੀ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ, ਰਾਮਸ਼ੰਕਰ ਪਟੇਲ, ਜੋ ਕਿ ਮੂਲ ਰੂਪ ਵਿੱਚ ਹਰਦੋਈ ਦੇ ਮੱਲਨਵਾ ਦਾ ਰਹਿਣ ਵਾਲਾ ਹੈ, ਆਪਣੀ ਪਤਨੀ ਮੀਨਾ ਅਤੇ ਪੁੱਤਰ ਜਤਿਨ (23) ਨਾਲ ਨਰਪਤ ਨਗਰ ਦੇ ਜੜੌਲੀ ਫੇਜ਼-1 ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਪ੍ਰਾਈਵੇਟ ਕਰਮਚਾਰੀ ਰਾਮ ਸ਼ੰਕਰ ਨੇ ਦੱਸਿਆ ਕਿ ਉਸਦਾ ਪੁੱਤਰ ਡੇਢ ਮਹੀਨਾ ਪਹਿਲਾਂ ਇੰਡੀਗੋ ਏਅਰਲਾਈਨਜ਼ ਤੋਂ ਸਿਖਲਾਈ ਲੈ ਕੇ ਵਾਪਸ ਆਇਆ ਸੀ ਅਤੇ ਉਸਨੂੰ 5 ਅਪ੍ਰੈਲ ਨੂੰ ਜੁਆਇਨ ਕਰਨਾ ਪਿਆ।

ਘਟਨਾ ਬਾਰੇ ਮੌਕੇ ਤੇ ਪਹੁੰਚੀ ਪੁਲਿਸ ਨੂੰ ਸੂਚਿਤ ਕਰਦੇ ਹੋਏ ਦੱਸਿਆ ਗਿਆ ਕਿ ਸ਼ੁੱਕਰਵਾਰ ਰਾਤ ਨੂੰ ਜਤਿਨ ਦਾ ਆਪਣੀ ਮਾਂ ਨਾਲ ਖਾਣੇ ਨੂੰ ਲੈ ਕੇ ਝਗੜਾ ਹੋਇਆ, ਜਿਸ ਤੋਂ ਬਾਅਦ ਉਹ ਕਮਰੇ ਵਿੱਚ ਸੌਣ ਲਈ ਚਲਾ ਗਿਆ। ਇਸ ਦੌਰਾਨ ਉਸਨੇ ਦੇਰ ਰਾਤ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਜਦੋਂ ਸਵੇਰੇ ਕਾਫ਼ੀ ਦੇਰ ਤੱਕ ਦਰਵਾਜ਼ਾ ਨਹੀਂ ਖੁੱਲ੍ਹਿਆ ਤਾਂ ਪਰਿਵਾਰਕ ਮੈਂਬਰ ਮੌਕੇ ਤੇ ਗਏ ਅਤੇ ਦੇਖਿਆ ਕਿ ਜਤਿਨ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਪੁਲਿਸ ਲਾਸ਼ ਨੂੰ ਪੋਸਟਮਾਰਟਮ ਲਈ ਭੇਜਣ ਤੋਂ ਬਾਅਦ ਘਟਨਾ ਦੀ ਜਾਂਚ ਕਰ ਰਹੀ ਹੈ।

# ਖ਼ਾਲਸਾ ਕਾਲਜ ਪਬਲਿਕ ਸਕੂਲ ਨੂੰ ਰੱਖਿਆ ਮੰਤਰਾਲੇ ਵੱਲੋਂ ਨਵੇਂ ਸੈਨਿਕ ਸਕੂਲ ਵਜੋਂ ਮਿਲੀ ਪ੍ਰਵਾਨਗੀ

ਅੰਮ੍ਰਿਤਸਰ, —ਸੀ. ਬੀ. ਐੱਸ. ਈ. ਤੋਂ ਮਾਨਤਾ ਪ੍ਰਾਪਤ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਸਫ਼ਲਤਾਪੂਰਵਕ ਚੱਲ ਰਿਹਾ ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਨੂੰ ਭਾਰਤ ਸਰਕਾਰ ਵੱਲੋਂ ਨਵਾਂ ਸੈਨਿਕ ਸਕੂਲ ਸਥਾਪਿਤ ਕਰਨ ਦੀ ਮੰਜ਼ੂਰੀ ਮਿਲਣ 'ਤੇ ਕੌਂਸਲ ਦੇ ਆਨੇਰਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ ਨੂੰ ਵਧਾਈ ਦਿੰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਕੇਂਦਰੀ ਰੱਖਿਆ ਮੰਤਰਾਲੇ ਵੱਲੋਂ ਦੇਸ਼ ਭਰ 'ਚ 23 ਨਵੇਂ ਸੈਨਿਕ ਸਕੂਲ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਖ਼ਾਲਸਾ ਕਾਲਜ ਪਬਲਿਕ ਸਕੂਲ ਇਹ ਰੁਤਬਾ ਹਾਸਲ ਕਰਨ ਵਾਲਾ ਇਸ ਖੇਤਰ ਦਾ ਪਹਿਲਾ ਅਤੇ ਸੂਬੇ ਭਰ ਦਾ ਦੂਜਾ ਸਕੂਲ ਹੈ।

ਇਸ ਸਬੰਧੀ ਸ: ਛੀਨਾ ਨੇ ਸਕੂਲ ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ ਦੀ ਮੌਜ਼ੂਦਗੀ 'ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਨੇ ਗੈਰ-ਸਰਕਾਰੀ ਸੰਗਠਨਾਂ, ਨਿੱਜੀ ਅਤੇ ਸਰਕਾਰੀ ਸਕੂਲਾਂ ਨਾਲ ਸਾਂਝੇਦਾਰੀ ਕਰਕੇ ਨਵੇਂ ਸੈਨਿਕ ਸਕੂਲ ਸਥਾਪਿਤ ਕਰਨ ਦੀ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਤਹਿਤ ਸੈਨਿਕ ਸਕੂਲ ਸੋਸਾਇਟੀ ਵੱਲੋਂ ਦੇਸ਼ ਭਰ 'ਚ ਸਥਿਤ 37 ਨਵੇਂ ਸੈਨਿਕ ਸਕੂਲਾਂ ਨਾਲ ਸਮਝੌਤੇ ਪੱਤਰ 'ਤੇ ਦਸਤਖ਼ਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਨਵੇਂ ਸੈਨਿਕ ਸਕੂਲ, ਸਬੰਧਿਤ ਸਿੱਖਿਆ ਬੋਰਡਾਂ ਨਾਲ ਆਪਣੀ ਮਾਨਤਾ ਤੋਂ ਇਲਾਵਾ ਸੈਨਿਕ ਸਕੂਲ ਸੋਸਾਇਟੀ ਦੀ ਅਗਵਾਈ ਹੇਠ ਕੰਮ ਕਰਨਗੇ।

ਇਸ ਮੌਕੇ ਸ: ਛੀਨਾ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਸ੍ਰੀ ਰਾਜਨਾਥ ਸਿੰਘ ਦਾ ਧੰਨਵਾਦ ਕਰਦਿਆਂ



ਕਿਹਾ ਕਿ ਭਾਈਵਾਲੀ ਮੋਡ ਅਧੀਨ ਨਵੇਂ ਸੈਨਿਕ ਸਕੂਲ ਖੋਲ੍ਹਣ ਲਈ ਅਰਜ਼ੀਆਂ ਦੇ ਹੋਰ ਮੁਲਾਂਕਣ ਤੋਂ ਬਾਅਦ ਉਨ੍ਹਾਂ ਨੂੰ ਉਕਤ ਸਕੂਲ ਸਥਾਪਿਤ ਕਰਨ ਦੀ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਦੁਆਰਾ ਉਕਤ ਸਕੂਲ ਸਥਾਪਿਤ ਕਰਨ ਦਾ ਉਦੇਸ਼ ਵਿਦਿਆਰਥੀਆਂ ਨੂੰ ਰਾਸ਼ਟਰੀ ਸਿੱਖਿਆ ਨੀਤੀ ਅਨੁਸਾਰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਹਥਿਆਰਬੰਦ ਸੈਨਾਵਾਂ 'ਚ ਸ਼ਾਮਿਲ ਕਰਨ ਦੇ ਨਾਲ ਵਧੀਆ ਕਰੀਅਰ ਦੇ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਆਪਣੇ ਨਿਯਮਤ ਐਫੀਲੀਏਟਿਡ ਬੋਰਡ ਪਾਠਕ੍ਰਮ ਤੋਂ ਇਲਾਵਾ ਉਹ ਸੈਨਿਕ ਸਕੂਲ ਪੈਟਰਨ ਦੇ ਵਿਦਿਆਰਥੀਆਂ ਨੂੰ ਅਕਾਦਮਿਕ ਪਲੱਸ ਪਾਠਕ੍ਰਮ ਦੀ ਸਿੱਖਿਆ ਵੀ ਪ੍ਰਦਾਨ ਕਰਨਗੇ।

ਇਸ ਮੌਕੇ ਪ੍ਰਿੰ: ਗਿੱਲ ਨੇ ਸ: ਛੀਨਾ ਦਾ ਮੂੰਹ ਮਿੱਠਾ ਕਰਵਾਉਂਦਿਆਂ ਕਿਹਾ ਕਿ ਸਕੂਲ ਨੇ ਦਸੰਬਰ-2023 'ਚ ਰੱਖਿਆ ਮੰਤਰਾਲੇ ਅਧੀਨ ਸੈਨਿਕ ਸਕੂਲ ਸੋਸਾਇਟੀ ਨੂੰ ਮਾਨਤਾ ਸਬੰਧੀ ਅਰਜ਼ੀ ਦਿੱਤੀ ਸੀ। ਜਿਸ ਉਪਰੰਤ ਸਕੂਲ ਨੂੰ ਨਿਰੀਖਣ ਲਈ ਸ਼ਾਰਟਲਿਸਟ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ, ਜ਼ਿਲ੍ਹਾ ਸਿੱਖਿਆ ਅਧਿਕਾਰੀ, ਸੈਨਿਕ ਸਕੂਲ, ਕਪੂਰਥਲਾ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਅਤੇ ਨੇਵੋਦਿਆ ਵਿਦਿਆਲਾ ਭੀਲੋਵਾਲ ਦੇ ਪ੍ਰਿੰਸੀਪਲ ਆਦਿ ਟੀਮ ਵੱਲੋਂ 10 ਜਨਵਰੀ 2024 ਦੇ ਪਹਿਲੇ ਹਫ਼ਤੇ 'ਚ ਨਿਰੀਖਣ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਲੰਬੇ ਨਿਰੀਖਣ ਉਪਰੰਤ ਟੀਮ ਸਕੂਲ ਦੇ ਕੰਮਕਾਜ ਤੋਂ ਪ੍ਰਭਾਵਿਤ ਹੋਈ, ਜਿਸ ਤੋਂ ਬਾਅਦ ਰੱਖਿਆ ਮੰਤਰਾਲੇ ਨੇ ਪੱਤਰ ਨੰਬਰ 9(6)/2021 (ਭਾਗ ਫਾਈਲ 03)/ ਐੱਸ. ਐੱਨ. ਕੇ. ਐੱਲ. ਪੀ.0019350423, ਮਿਤੀ 25 ਅਪ੍ਰੈਲ, 2025 ਰਾਹੀਂ ਸੈਨਿਕ ਸਕੂਲ ਸੋਸਾਇਟੀ (ਐੱਸ. ਐੱਸ. ਐੱਸ.) ਦੀ ਅਗਵਾਈ ਹੇਠ ਨਵਾਂ ਸੈਨਿਕ ਸਕੂਲ ਨੂੰ ਖੋਲ੍ਹਣ ਨੂੰ ਮਨਜ਼ੂਰੀ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਉਕਤ ਸਕੂਲ ਦਾ ਖੋਲ੍ਹਣ ਦਾ ਮਕਸਦ ਰਾਸ਼ਟਰੀ ਭਾਵਨਾ, ਹਿੰਮਤ, ਦੇਸ਼ ਅਤੇ ਸਮਾਜ ਪ੍ਰਤੀ ਸਤਿਕਾਰ ਦੀਆਂ ਕਦਰਾਂ-ਕੀਮਤਾਂ ਪ੍ਰਤੀ ਅਟੱਲ ਵਚਨਬੱਧਤਾ ਦੇ ਲੋਕਾਚਾਰ ਨੂੰ ਵਿਕਸਿਤ ਕਰਨਾ, ਸਰੀਰਿਕ ਤੰਦਰੁਸਤੀ ਦੀ ਮਹੱਤਤਾ ਨੂੰ ਗ੍ਰਹਿਣ ਕਰਵਾਉਣਾ ਅਤੇ ਵਿਦਿਆਰਥੀਆਂ 'ਚ ਰਾਸ਼ਟਰੀ ਸਵੈਮਾਣ ਨੂੰ ਉਭਾਰਨਾ ਹੈ। ਉਨ੍ਹਾਂ ਕਿਹਾ ਕਿ ਸਕੂਲ ਉਕਤ ਮੰਤਰਾਲੇ ਅਧੀਨ ਐੱਸ. ਐੱਸ. ਐੱਸ. ਨਾਲ ਜੁੜੇ ਹੋਣਗੇ ਤਾਂ ਜੋ ਇੱਕ ਅਜਿਹੀ ਪ੍ਰਣਾਲੀ ਬਣਾਈ ਜਾ ਸਕੇ ਜੋ ਅਕਾਦਮਿਕ ਕਠੋਰਤਾ ਨੂੰ ਅਨੁਸ਼ਾਸਨ ਦੀ ਇਕ ਡਿਗਰੀ ਨਾਲ ਜੋੜ ਕੇ ਮੁੱਲ-ਅਧਾਰਤਿ ਸਿੱਖਿਆ 'ਤੇ ਵਧੇਰੇ ਧਿਆਨ ਕੇਂਦਰਿਤ ਕਰੇ ਜੋ ਬੱਚਿਆਂ ਨੂੰ ਦੇਸ਼ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ 'ਚ ਮਾਣ ਪੈਦਾ ਕਰਨ ਦੇ ਯੋਗ ਬਣਾਏਗੀ।

# ਪਿੰਡ ਕਹਾਰਪੁਰ ਵਿਖੇ ਰਾਂ ਗੋਤ ਜਠੇਰਿਆਂ ਦਾ ਸਲਾਨਾ ਮੇਲਾ 18 ਮਈ ਜੇਠੇ ਐਤਵਾਰ ਨੂੰ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾਵੇਗਾ



ਫਗਵਾੜਾ-ਮਹਿਲਪੁਰ (ਸੁਸ਼ੀਲ ਸ਼ਰਮਾ) ਮਹਿਲਪੁਰ ਦੇ ਅਧੀਨ ਪੈਂਦੇ ਪਿੰਡ ਕਹਾਰਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਰਾਂ ਗੋਤ ਜਠੇਰਿਆਂ ਦਾ ਮੇਲਾ 18 ਮਈ ਜੇਠੇ ਐਤਵਾਰ ਨੂੰ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਸੋਡੀ ਚੰਦ ਤੇ ਡੀ.ਐਸ. ਪੀ.ਕੁੱਲਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਭ ਤੋ ਪਹਿਲਾ ਨਿਸ਼ਾਨ ਸਾਹਿਬ ਜੀ ਦੀ ਰਸਮ ਨਿਭਾਈ ਜਾਵੇਗੀ। ਉਪਰੰਤ ਪੰਜਾਬ ਦੇ ਗੋਲਡ ਮੈਡਲਿਸਟ ਗਾਇਕ ਬਲਵਿੰਦਰ ਬਿੱਟੂ ਤੇ ਭਿੰਦਾ ਫੱਤੋਵਾਲੀਆ ਵਲੋ ਜਠੇਰੇ ਵੱਡੇ ਵਡੇਰਿਆਂ ਦੀ ਮਹਿਮਾ ਦਾ ਗੁਣਗਾਣ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸੇਵਾਦਾਰਾਂ ਵਲੋਂ ਆਈਆਂ ਹੋਈਆ ਸੰਗਤਾਂ ਵਾਸਤੇ ਚਾਹ ਪਕੋੜੇ ਤੇ ਲੰਗਰ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸਰਪ੍ਰਸਤ ਗੁਰਦੇਵ ਚੰਦ ਕੈਡੋਵਾਲ, ਦਲਜੀਤ ਸਿੰਘ ਕਾਲਾ ਕੈਡੋਵਾਲ, ਮਨਜੀਤ ਰਾਏ ਫੱਤੋਵਾਲ,ਕ੍ਰਿਸ਼ਨ ਜੀਤ ਰਾਓ,ਰਾਕੇਸ਼ ਫਗਵਾੜਾ,ਸੁਰਿੰਦਰ ਪਿੰਕੀ ਕੈਡੋਵਾਲ,ਭੁਪਿੰਦਰ ਸਿੰਘ,ਮੋਹਣ ਸਿੰਘ,ਠੇਕੇਦਾਰ ਸੁਰਿੰਦਰ ਪਾਲ ਸਿੰਘ,ਸੂਬੇਦਾਰ ਗੁਰਮੇਲ ਸਿੰਘ ਬਰਿਆਣਾ ਆਦਿ ਵੱਡੀ ਗਿੱਣਤੀ ਵਿੱਚ ਸੰਗਤਾਂ ਹਾਜਰ ਹੋਣਗੀਆਂ।

# ਨਸ਼ਾ ਛੁਡਾਊ ਕੇਂਦਰ 'ਚ ਸੀ.ਐਮ. ਦੀ ਯੋਗਸ਼ਾਲਾ ਤਹਿਤ ਯੋਗਾ ਕਲਾਸਾਂ ਸ਼ੁਰੂ



ਜਲੰਧਰ, : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਯੋਗ ਨੂੰ ਨਸ਼ਾ ਮੁਕਤੀ ਦਾ ਪ੍ਰਭਾਵਸ਼ਾਲੀ ਮਾਧਿਅਮ ਬਣਾਉਂਦਿਆਂ ਜ਼ਿਲ੍ਹੇ ਦੇ ਪਿੰਡ ਸ਼ੇਖੇ ਵਿਖੇ ਚਲਾਏ ਜਾ ਰਹੇ ਨਸ਼ਾ ਛੁਡਾਊ ਕੇਂਦਰ ਵਿੱਚ ਸੀ.ਐਮ ਦੀ ਯੋਗਸ਼ਾਲਾ ਤਹਿਤ ਸ਼ਲਾਘਾਯੋਗ ਪਹਿਲ ਕੀਤੀ ਗਈ ਹੈ।

ਇੱਥੇ ਯੋਗ ਟ੍ਰੇਨਰ ਵਲੋਂ ਰੋਜ਼ਾਨਾ ਸਵੇਰੇ 7.45 ਤੋਂ 8.45 ਵਜੇ ਤੱਕ ਅਤੇ ਸ਼ਾਮ 5 ਤੋਂ ਸ਼ਾਮ 6 ਵਜੇ ਤੱਕ ਮੁਫ਼ਤ ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਕਲਾਸਾਂ ਦਾ ਉਦੇਸ਼ ਨਸ਼ਾ ਛੱਡਣ ਦੀ ਪ੍ਰਕਿਰਿਆ ਵਿਚ ਨੌਜਵਾਨਾਂ ਅਤੇ ਭਾਗੀਦਾਰਾਂ ਨੂੰ ਮਾਨਸਿਕ, ਸਰੀਰਿਕ ਅਤੇ ਆਤਮਿਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ।

ਲਗਾਤਾਰ ਯੋਗ ਅਭਿਆਸ ਨਾਲ ਇਥੇ ਭਾਗੀਦਾਰਾਂ ਦੇ ਰੁਟੀਨ ਵਿੱਚ ਅਨੁਸ਼ਾਸਨ, ਮਾਨਸਿਕ ਸਥਿਰਤਾ ਅਤੇ ਆਤਮ-ਸੰਜਮ ਵਿੱਚ ਮਹੱਤਵਪੂਰਣ ਸੁਧਾਰ ਦੇਖਿਆ ਜਾ ਰਿਹਾ ਹੈ। ਯੋਗ ਦੇ ਨਿਯਮਿਤ ਅਭਿਆਸਾਂ ਨਾਲ ਭਾਗੀਦਾਰਾਂ ਦੇ ਵਿਹਾਰ ਵਿੱਚ ਵੀ ਸਕਾਰਾਤਮਕ ਤਬਦੀਲੀਆਂ ਆਈਆਂ ਹਨ।

ਇਸ ਉਪਰਾਲੇ ਨੂੰ ਜਲੰਧਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਵੀ ਭਰਪੂਰ ਸਹਿਯੋਗ ਮਿਲ ਰਿਹਾ ਹੈ। ਜਲੰਧਰ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਅਤੇ ਸਿਵਲ ਹਸਪਤਾਲ ਦੇ ਸੀਨੀਅਰ ਮਨੋਚਕਿਤਸਕ ਡਾ. ਅਭੈ ਰਾਜ ਸਿੰਘ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲੈ ਰਹੇ ਹਨ ਅਤੇ ਇਸ ਨੂੰ ਸਫ਼ਲ ਬਣਾਉਣ ਲਈ ਮਾਰਗਦਰਸ਼ਨ ਅਤੇ ਸਹਿਯੋਗ ਪ੍ਰਦਾਨ ਕਰ ਰਹੇ ਹਨ।

ਇਹ ਉਪਰਾਲਾ ਨਸ਼ਾ ਪੀੜਤਾਂ ਦੇ ਮੁੜ ਵਸੇਬੇ ਦੀ ਦਿਸ਼ਾ ਵਿੱਚ ਸ਼ਲਾਘਾਯੋਗ ਉਦਾਹਰਣ ਪੇਸ਼ ਕਰਦਾ ਹੈ, ਜਿਥੇ ਪ੍ਰਸ਼ਾਸਨ, ਡਾਕਟਰੀ ਇਲਾਜ ਅਤੇ ਯੋਗ ਮਿਲ ਕੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਯਤਨਸ਼ੀਲ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕੋਆਰਡੀਨੇਟਰ ਜਤਿਨ ਕੁਮਾਰ ਨੇ ਦੱਸਿਆ ਕਿ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਨਵੇਂ ਮੀਲ ਪੱਥਰ ਸਥਾਪਤ ਕਰ ਰਿਹਾ ਹੈ ਅਤੇ ਜ਼ਿਲ੍ਹੇ ਦੇ ਵੱਡੀ ਗਿਣਤੀ ਲੋਕ ਮੁਫ਼ਤ ਯੋਗ ਕੈਂਪਾਂ ਦਾ ਲਾਭ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਜੇਕਰ ਕਿਸੇ ਗਲੀ ਜਾਂ ਮੁਹੱਲੇ ਵਿੱਚ ਘੱਟੋ ਘੱਟ 25 ਮੈਂਬਰ ਯੋਗ ਕਲਾਸ ਲਈ ਆਪਣੀ ਮਨਜ਼ੂਰੀ ਦਿੰਦੇ ਹਨ ਤਾਂ ਉਹ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਨੰਬਰ 76694-00500 'ਤੇ ਮਿਸਡ ਕਾਲ ਮੁਫ਼ਤ ਯੋਗਾ ਟ੍ਰੇਨਰ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ cmdiyogshala.punjab.gov.in ਵੈਬਸਾਈਟ ਤੇ ਜਾ ਕੇ ਆਪਣੀ ਯੋਗ ਕਲਾਸ ਰਜਿਸਟਰ ਕਰ ਸਕਦੇ ਹਨ।

# 32ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਕਿਸ਼ੋਰ ਕੁਮਾਰ ਅਤੇ ਸ੍ਰੀਮਤੀ ਕੁਲਵੰਤ ਕੌਰ ਵਾਸੀ ਪ੍ਰੇਮਪੁਰਾ ਫਗਵਾੜਾ ਨੂੰ ਵਿਆਹ ਦੀ 32ਵੀਂ ਵਰ੍ਹੇਗੰਢ ਦੀਆਂ ਲੱਖ-ਲੱਖ ਮੁਬਾਰਕਾਂ।

# ਏਅਰ ਫੋਰਸ ਸਟੇਸ਼ਨ ਦੇ ਨਾਲ ਲੱਗਦੇ ਇਲਾਕੇ/ ਪਿੰਡਾਂ ਵਿੱਚ ਠੀਕਰੀ ਪਹਿਰਾ ਲਗਾਉਣ ਦੇ ਹੁਕਮ ਜਾਰੀ, ਜ਼ਿਲ੍ਹਾ ਮੈਜਿਸਟ੍ਰੇਟ



ਬਰਨਾਲਾ, -ਜ਼ਿਲ੍ਹਾ ਮੈਜਿਸਟ੍ਰੇਟ, ਬਰਨਾਲਾ ਸ੍ਰੀ ਟੀ ਬੈਨਿਥ ਵੱਲੋਂ ਅੱਜ- ਕੱਲ ਦੇ ਸਕਿਉਰਿਟੀ ਹਾਈ ਅਲਰਟ ਹਾਲਾਤਾਂ ਦੇ ਮੱਦੇਨਜ਼ਰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਅਤੇ ਪੰਜਾਬ ਵਿਲੇਜ ਐਂਡ ਸਮਾਲ ਟਾਊਨਜ ਪੈਟਰੋਲ ਐਕਟ 1918 ਦੀ ਧਾਰਾ 3 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਪੈਂਦੇ ਏਅਰ ਫੋਰਸ ਸਟੇਸ਼ਨ ਦੇ ਨਾਲ ਲੱਗਦੇ ਪਿੰਡਾਂ/ ਇਲਾਕਿਆਂ ਜਿਵੇਂ ਬਾਬਾ ਅਜੀਤ ਸਿੰਘ ਨਗਰ, ਠੀਕਰੀਵਾਲ, ਭੱਦਲਵੱਡ, ਸੰਘੇੜਾ, ਚੁਹਾਣਕੇ ਖੁਰਦ ਵਿਖੇ ਠਿਕਰੀ ਪਹਿਰਾ ਲਗਾਉਣ ਦੇ ਹੁਕਮ ਦਿੱਤੇ ਹਨ।

ਉਹਨਾਂ ਸਬੰਧਿਤ ਪਿੰਡਾਂ ਦੀਆਂ ਸਮੂਹ ਪੰਚਾਇਤਾਂ, ਪਿੰਡ ਦੇ ਵਾਸੀਆਂ, ਨਗਰ ਕੌਂਸਲਾਂ, ਨਗਰ ਕੌਂਸਲ ਵਾਸੀਆਂ, ਧਾਰਮਿਕ ਸਥਾਨਾਂ ਦੀਆਂ ਕਮੇਟੀਆਂ/ ਬੋਰਡ/ਟਰੱਸਟ ਦੇ ਮੁਖੀਆਂ ਦੀ ਆਪਣੇ ਆਪਣੇ ਇਲਾਕਿਆਂ ਜਾਂ ਪਿੰਡਾਂ ਵਿੱਚ ਠੀਕਰੀ ਪਹਿਰਾ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ।

ਉਹਨਾਂ ਕਿਹਾ ਕਿ ਇਸ ਦੌਰਾਨ ਕਿਸੇ ਵੀ ਤਰ੍ਹਾਂ ਦੇ ਸ਼ੱਕੀ ਵਿਅਕਤੀ ਜਾਂ ਕੋਈ ਅਜਿਹੀ ਕਾਰਵਾਈ ਧਿਆਨ ਵਿੱਚ ਆਉਂਦੀ ਹੈ ਤਾਂ ਇਸ ਸਬੰਧੀ ਤੁਰੰਤ ਸਬੰਧਿਤ ਪੁਲਿਸ ਥਾਣਾ ਅਤੇ ਸਟੇਸ਼ਨ ਸਕਿਉਰਿਟੀ ਅਫਸਰ, ਏਅਰ ਫੋਰਸ ਨੂੰ ਸੂਚਿਤ ਕਰਨਗੇ।

ਇਹ ਹੁਕਮ 7 ਜੂਨ 2025 ਤੱਕ ਲਾਗੂ ਰਹਿਣਗੇ।

# ਡਿਪਟੀ ਕਮਿਸ਼ਨਰ ਵੱਲੋਂ ਨਾਗਰਿਕਾਂ ਨੂੰ ਸੰਜਮ ਨਾਲ ਖ਼ਰੀਦਦਾਰੀ ਕਰਨ ਦੀ ਅਪੀਲ

ਜਲੰਧਰ, 8 ਮਈ : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨਾਗਰਿਕਾਂ ਨੂੰ ਸੰਜਮ ਨਾਲ ਅਤੇ ਸੋਚ-ਵਿਚਾਰ ਕੇ ਖ਼ਰੀਦਦਾਰੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਘਬਰਾਹਟ ਵਿੱਚ ਆ ਕੇ ਧੜਾਧੜ ਖ਼ਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਕਿਸੇ ਵੀ ਤਰ੍ਹਾਂ ਦੇ ਐਮਰਜੈਂਸੀ ਹਾਲਾਤ ਦਾ ਸਾਹਮਣਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੇ ਨਾਲ ਖੜ੍ਹਾ ਹੈ। ਡਾ. ਅਗਰਵਾਲ ਨੇ ਕਿਹਾ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ ਹਾਲਾਤ ਦੌਰਾਨ ਪੰਜਾਬ ਸਰਕਾਰ ਵੱਲੋਂ ਜਨਤਾ ਨੂੰ ਹਰ ਪ੍ਰਕਾਰ ਦੀ ਸਹਾਇਤਾ ਤੇ ਸਹਿਯੋਗ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਜ਼ਰੂਰੀ ਵਸਤਾਂ ਸਮੇਤ ਕਿਸੇ ਵੀ ਚੀਜ਼ ਦੀ ਜਮ੍ਹਾਂਖੋਰੀ ਬਿਲਕੁੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਜਮ੍ਹਾਂਖੋਰੀ ਜਾਂ ਕਾਲਾਬਾਜ਼ਾਰੀ ਕਰਦਾ ਪਾਇਆ ਗਿਆ, ਤਾਂ ਉਸ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਡੀ.ਐਫ.ਐਸ.ਸੀ. ਨੂੰ ਜਮ੍ਹਾਂਖੋਰੀ 'ਤੇ ਸਖ਼ਤ ਨਿਗਰਾਨੀ ਰੱਖਣ ਅਤੇ ਗਲਤ ਇਰਾਦੇ ਨਾਲ ਥੋਕ ਵਿੱਚ ਖ਼ਰੀਦਦਾਰੀ ਕਰਨ ਵਾਲਿਆਂ ਦੀ ਸੂਚੀ ਤਿਆਰ ਕਰਕੇ ਪ੍ਰਸ਼ਾਸਨ ਨਾਲ ਸਾਂਝੀ ਕਰਨ ਦੇ ਨਿਰਦੇਸ਼ ਵੀ ਦਿੱਤੇ।

ਇਸਦੇ ਨਾਲ ਹੀ, ਡਿਪਟੀ ਕਮਿਸ਼ਨਰ ਨੇ ਨਾਗਰਿਕਾਂ ਨੂੰ ਭਵਿੱਖ ਵਿੱਚ ਹੋਣ ਵਾਲੀ ਮੌਕ ਡਰਿੱਲ ਦੀ ਪੂਰੀ ਗੰਭੀਰਤਾ ਨਾਲ ਪਾਲਣਾ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਮੌਕ ਡਰਿੱਲ ਘੱਟ ਸਮੇਂ ਲਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਲੈਕ ਆਊਟ ਡਰਿੱਲ ਦੌਰਾਨ ਲਾਈਟ ਬੰਦ ਕਰ ਦਿੱਤੀ ਜਾਵੇਗੀ ਅਤੇ ਟ੍ਰੈਫਿਕ ਲਾਈਟਾਂ ਵੀ ਬੰਦ ਰਹਿਣਗੀਆਂ। ਉਨ੍ਹਾਂ ਅਪੀਲ ਕੀਤੀ ਕਿ ਇਸ ਦੌਰਾਨ ਆਪਣੇ ਘਰਾਂ ਵਿੱਚ ਇਨਵਰਟਰ ਜਾਂ ਜਨਰੇਟਰ ਬੰਦ ਰੱਖੇ ਜਾਣ। ਜੇਕਰ ਕਿਸੇ ਵਜ੍ਹਾ ਕਾਰਨ ਇਹ ਚਲਾਉਣੇ ਵੀ ਹਨ ਤਾਂ ਇਸ ਤਰ੍ਹਾਂ ਚਲਾਏ ਜਾਣ ਕਿ ਰੌਸ਼ਨੀ ਖਿੜਕੀਆਂ ਦਰਵਾਜ਼ਿਆਂ ਵਿੱਚੋਂ ਬਾਹਰ ਨਾ ਜਾਵੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਵਾਹਨਾਂ 'ਤੇ ਗੈਰ-ਜ਼ਰੂਰੀ ਸਫ਼ਰ ਤੋਂ ਗੁਰੇਜ਼ ਕੀਤਾ ਜਾਵੇ ਅਤੇ ਜੇਕਰ ਕੋਈ ਵਾਹਨ ਸੜਕ 'ਤੇ ਜਾ ਰਿਹਾ ਹੈ ਤਾਂ ਉਸਦੀਆਂ ਲਾਈਟਾਂ ਬੰਦ ਕਰਕੇ ਉਸ ਨੂੰ ਸੜਕ ਦੇ ਕਿਨਾਰੇ ਰੋਕ ਲਿਆ ਜਾਵੇ। ਡਾ. ਅਗਰਵਾਲ ਨੇ ਕਿਹਾ ਕਿ ਜੇਕਰ ਬਿਨਾਂ ਮੌਕ ਡਰਿੱਲ ਦੀ ਅਨਾਊਂਸਮੈਂਟ ਤੋਂ ਵੀ ਸਾਇਰਨ ਦੀ ਆਵਾਜ਼ ਸੁਣਾਈ ਦਿੰਦੀ ਹੈ ਤਾਂ ਤੁਰੰਤ ਮੌਕ ਡਰਿੱਲ ਦੌਰਾਨ ਕੀਤੇ ਅਭਿਆਸ ਨੂੰ ਅਮਲ ਵਿੱਚ ਲਿਆਂਦਾ ਜਾਵੇ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਫ਼ਵਾਹਾਂ ਤੋਂ ਬਚਣ ਦੀ ਸਲਾਹ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਲੋਕ ਹਿੱਤ ਵਿੱਚ ਜਾਰੀ ਐਡਵਾਈਜ਼ਰੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫ਼ਵਾਹ ਫੈਲਾਉਂਦਾ ਪਾਇਆ ਗਿਆ, ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।



ਓਧਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਡੀ.ਐਫ.ਐਸ.ਸੀ. ਨਰਿੰਦਰ ਸਿੰਘ ਵੱਲੋਂ ਡੀ. ਮਾਰਟ ਸਮੇਤ ਵੱਖ-ਵੱਖ ਸਟੋਰਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਪ੍ਰਬੰਧਕਾਂ ਨੂੰ ਵਿਅਕਤੀਗਤ ਲੋਕਾਂ ਨੂੰ ਥੋਕ ਵਿੱਚ ਸਾਮਾਨ ਨਾ ਵੇਚਣ ਅਤੇ ਗਾਹਕਾਂ ਨੂੰ ਵੀ ਬਿਨਾਂ ਲੋੜ ਤੋਂ ਥੋਕ ਵਿੱਚ ਖ਼ਰੀਦਦਾਰੀ ਨਾ ਕਰਨ ਲਈ ਪ੍ਰੇਰਿਤ ਕਰਨ ਲਈ ਕਿਹਾ। ਡੀ.ਐਫ.ਐਸ.ਸੀ. ਨੇ ਦੱਸਿਆ ਕਿ ਸਟੋਰ ਵਿੱਚ ਨਿਯਮਿਤ ਤੌਰ 'ਤੇ ਘੋਸ਼ਣਾਵਾਂ ਵੀ ਕਰਵਾਈਆਂ ਜਾ ਰਹੀਆਂ ਹਨ ਕਿ ਨਿਯਮਿਤ ਲੋੜ ਮੁਤਾਬਕ ਹੀ ਸਾਮਾਨ ਖਰੀਦਿਆ ਜਾਵੇ।

# ਬਿਰਧ ਆਸ਼ਰਮ ਵਿੱਚ ਰਹਿਣ ਲਈ ਲੋੜਵੰਦ ਬਜ਼ੁਰਗ ਆਪਣਾ ਰਜਿਸਟ੍ਰੇਸ਼ਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫਤਰ ਵਿਖੇ ਕਰਵਾ ਸਕਦੇ ਹਨ, ਡਿਪਟੀ ਕਮਿਸ਼ਨਰ



ਬਰਨਾਲਾ, -ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ ਵੱਲੋਂ ਖੱਟਰ ਪੱਤੀ ਤਪਾ, ਜ਼ਿਲ੍ਹਾ ਬਰਨਾਲਾ ਵਿਖੇ ਲੋੜਵੰਦ ਬਜ਼ੁਰਗਾਂ ਦੇ ਰਹਿਣ ਲਈ 72 ਬੈਡਾਂ ਦਾ ਸਰਕਾਰੀ ਬਿਰਧ ਆਸ਼ਰਮ ਬਣਾਇਆ ਹੈ ਜਿਥੇ 8 ਬਜ਼ੁਰਗ ਰਹਿ ਰਹੇ ਹਨ।

ਉਨ੍ਹਾਂ ਕਿਹਾ ਕਿ ਜੋ ਵੀ ਲੋੜਵੰਦ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿਣਾ ਚਾਹੁੰਦੇ ਹਨ ਉਹ ਆਪਣਾ ਅਧਾਰ ਕਾਰਡ ਲੈ ਕੇ ਤਹਿਸੀਲ ਕੰਪਲੈਕਸ, ਨੇੜੇ ਸੇਵਾ ਕੇਂਦਰ, ਹੰਡਿਆਇਆ ਰੋਡ, ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਬਰਨਾਲਾ ਜਾਂ ਆਪਣੇ ਬਲਾਕ ਨਾਲ ਸਬੰਧਤ ਦਫ਼ਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ (ਸੀ ਡੀ ਪੀ ਓ) ਵਿਖੇ ਜਾ ਕੇ ਆਪਣੀ ਰਜਿਸਟੇਰਸ਼ਨ ਕਰਵਾ ਸਕਦੇ ਹਨ।

ਡਿਪਟੀ ਕਮਿਸ਼ਨਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਜੋ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿਣਗੇ ਉਨ੍ਹਾਂ ਨੂੰ ਰਹਿਣ ਲਈ ਕਮਰੇ, ਸਿਹਤ ਅਤੇ ਮੈਡੀਕਲ ਸੇਵਾਵਾਂ, ਖਾਣਾ ਪੀਣਾ, ਕੱਪੜੇ, ਸੁਰੱਖਿਆ ਅਤੇ ਸੰਭਾਲ, ਲਾਇਬ੍ਰੇਰੀ ਅਤੇ ਹੋਰ ਆਧੁਨਿਕ ਸਹੂਲਤਾਂ ਮੁਫ਼ਤ ਮੁਹੱਇਆ ਕਰਵਾਈਆਂ ਜਾਣਗੀਆਂ।

ਰਜਿਸਟ੍ਰੇਸ਼ਨ ਵਾਸਤੇ ਸਬੰਧਤ ਬਜ਼ੁਰਗ ਦਾ ਨਾਮ, ਪਿਤਾ ਦਾ ਨਾਮ, ਮੌਜੂਦਾ ਰਿਹਾਇਸ਼, ਮੋਬਾਈਲ ਨੰਬਰ, ਆਧਾਰ ਕਾਰਡ ਨੰਬਰ ਆਦਿ ਲੋੜੀਂਦਾ ਹੈ। ਵਧੇਰੇ ਜਾਣਕਾਰੀ ਲਈ 0167929110, 9780356117 ਤੇ ਸੰਪਰਕ ਕਰੋ।